# ਭਾਰਤ ਦੀ ਕਾਇਆਕਲਪ

## ਸੰਬੰਧਿਤ ਵਿੱਦਿਆ ਅਤੇ
## ਵਿਵਸਾਇਕ ਸਿਖਲਾਈ ਦੁਆਰਾ
## ਭਾਰਤੀ ਜਨਤਾ ਦੇ ਸਸ਼ਕਤੀਕਰਨ ਦੁਆਰਾ



**ਇਹ ਪੁਸਤਕ ਹੇਠਲੇ ਖੇਤਰਾਂ ਨੂੰ ਸਮਰਪਿਤ ਹੈ**

੧. ੩੫ ਸਾਲ ਤਕ ਦੇ ਭਾਰਤੀ ਨੌਜਵਾਨ ........................................੯੫੦ ਮਿਲੀਅਨ

੨. ਐਮਐਸਐਮਈਜ਼ ਵਿੱਚ ਕੰਮ ਕਰਨ ਵਾਲੇ .................................. ੪੬੦ ਮਿਲੀਅਨ

੩. ੧੪ ਤੋਂ ੫੫ ਦੀ ਉਮਰ ਦੇ ਬੇਰੋਜ਼ਗਾਰ ....................................... ੩੦੦ ਮਿਲੀਅਨ

*i Watch* **੧੨ ਭਾਸ਼ਾਵਾਂ + ਅੰਗ੍ਰੇਜ਼ੀ** ਵਿੱਚ ਭਾਰਤ ਦੇ ੨੯ ਰਾਜਾਂ ਅਤੇ ਕੇਂਦਰਸ਼ਾਸਿਤ ਪ੍ਰਦੇਸ਼ਾਂ ਤਕ ਪਹੁੰਚ ਰਿਹਾ ਹੈ ।



# ਭਾਰਤ ਦੀ ਕਾਇਆਕਲਪ

**ਸੰਬੰਧਿਤ ਵਿੱਦਿਆ ਅਤੇ**
**ਵਿਵਸਾਇਕ ਸਿਖਲਾਈ** ਦੁਆਰਾ
ਭਾਰਤੀ ਜਨਤਾ ਦੇ **ਸਸ਼ਕਤੀਕਰਨ** ਦੁਆਰਾ

ਕ੍ਰਿਸ਼ਣ ਖੰਨਾ
ਦੁਆਰਾ

ਸਮਰਥਨ

TIMES FOUNDATION
THE TIMES GROUP

Sundaram
Education Revolution

ਭਾਰਤ ਵਿੱਚ ਸ਼ੀਤਲ ਪ੍ਰਿੰਟਰਜ਼, ੨੧੧, ਪ੍ਰਗਤੀ ਇੰਡਸਟਰੀਅਲ ਇਸਟੇਟ, ਡਾ. ਐਨ. ਐਮ. ਜੋਸ਼ੀ ਮਾਰਗ, ਲੋਅਰ ਪਰੇਲ ਪੂਰਬ, ਮੁੰਬਈ – ੪੦੦ ੦੧੧ ਦੁਆਰਾ ਛਾਪਿਆ ਗਿਆ।

ਭਾਰਤ ਵਿੱਚ ਮੈਨੀਫ਼ੈਸਟ ਪਬਲੀਕੇਸ਼ਨਸ, ੩੦੮, ਓਲੰਪਸ, ਅਲਟਾਮਾਊਂਟ ਰੋਡ, ਮੁੰਬਈ – ੪੦੦ ੦੨੬, ਭਾਰਤ ਦੁਆਰਾ ਪ੍ਰਕਾਸ਼ਿਤ।

ਕਾਪੀਰਾਈਟ © ਕ੍ਰਿਸ਼ਣ ਖੰਨਾ ੨੦੧੨

ਭਾਰਤ ਵਿੱਚ ੧੯੯੩ ਵਿੱਚ ਪਹਿਲੀ ਵਾਰ ਪ੍ਰਕਾਸ਼ਿਤ

IBN ੯੭੮-੮੧-੯੦੬੬੨੧-੦-੯

ਭਾਰਤ ਦੀ ਕਾਇਆਕਲਪ ਨੂੰ *i Watch* ਦੁਆਰਾ ੧੯੯੩ ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਗਿਆ ਅਤੇ ਉਸ ਤੋਂ ਬਾਅਦ ਹਰ ਸਾਲ ਇਸ ਨੂੰ ਸੰਸ਼ੋਧਿਤ ਅਤੇ ਵਿਸਤ੍ਰਿਤ ਕਰਦੇ ਹੋਇਆਂ ਵਰਤਮਾਨ ਐਡੀਸ਼ਨ ਤਕ ਪ੍ਰਕਾਸ਼ਿਤ ਕੀਤਾ ਗਿਆ ਹੈ। ਕਿਰਪਾ ਕਰਕੇ ਇਸ ਪੁਸਤਕ ਦੇ ਪੰਨਾ ੮ 'ਤੇ ਇਸ ਬਾਰੇ ਵਿਵਰਨ ਵੇਖੋ। ਇਸ ਪੁਸਤਕ ਨੂੰ ਹੋਰ ੧੨ ਭਾਰਤੀ ਭਾਸ਼ਾਵਾਂ ਜਿਵੇਂ ਕਿ ਹਿੰਦੀ, ਉਰਦੂ, ਪੰਜਾਬੀ, ਅਸਾਮੀ, ਉੜੀਆ, ਬੰਗਾਲੀ, ਗੁਜਰਾਤੀ, ਮਰਾਠੀ, ਤਮਿਲ, ਮਲਿਆਲਮ, ਕੱਨੜ ਅਤੇ ਤੇਲੁਗੂ ਵਿੱਚ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ।

ਭਾਰਤ ਵਿੱਚ ਸ਼ੀਤਲ ਪ੍ਰਿੰਟਰਜ਼, ੨੧੧, ਪ੍ਰਗਤੀ ਇੰਡਸਟਰੀਅਲ ਇਸਟੇਟ, ਡਾ. ਐਨ. ਐਮ. ਜੋਸ਼ੀ ਮਾਰਗ, ਲੋਅਰ ਪਰੇਲ, ਪੂਰਬ, ਮੁੰਬਈ – ੪੦੦ ੦੧੧ ਦੁਆਰਾ ਛਾਪਿਆ ਗਿਆ।

ਭਾਰਤ ਵਿੱਚ ਮੈਨੀਫ਼ੈਸਟ ਪਬਲੀਕੇਸ਼ਨਸ, ੩੦੮, ਓਲੰਪਸ, ਅਲਟਾਮਾਊਂਟ ਰੋਡ, ਮੁੰਬਈ – ੪੦੦ ੦੨੬, ਭਾਰਤ ਦੁਆਰਾ ਪ੍ਰਕਾਸ਼ਿਤ।

**ਕਾਪੀਰਾਈਟ ਅਤੇ ਫਿਰ ਤੋਂ ਪ੍ਰਸਤੁਤੀਕਰਨ**

ਇਸ ਪੁਸਤਿਕ ਦੀ ਪੂਰੀ ਸਮੱਗਰੀ ਅਤੇ ਵਿਸ਼ਾ-ਵਸਤੂ, ਗ੍ਰਾਫ਼ਿਕ ਲੋਗੋ, ਡਾਟਾ (ਆਂਕੜਿਆਂ) ਦਾ ਸੰਕਲਨ *i Watch* ਦੇ ਨਾਲ-ਨਾਲ ਦੂਜੇ ਸੂਚਨਾ ਪ੍ਰਦਾਨ ਕਰਤਾਵਾਂ ਦੀ ਸੰਪਤੀ ਹੈ। ਇਸ ਪੁਸਤਿਕ ਜਾਂ ਇਸ ਦਾ ਕੋਈ ਵੀ ਭਾਗ ਨਾ ਤਾਂ ਫਿਰ ਤੋਂ ਪ੍ਰਸਤੁਤ ਜਾਂ ਨਕਲ ਕੀਤਾ ਜਾਏ, ਨਾ ਪ੍ਰਕਾਸ਼ਿਤ ਕੀਤਾ ਜਾਏ, ਨਾ ਪਰੀਚਾਲਿਤ ਕੀਤਾ ਜਾਏ ਜਾਂ ਨਾ ਹੀ ਅਵੈਧ ਤਰੀਕੇ ਨਾਲ ਸੰਸ਼ੋਧਿਤ ਕਰ ਕੇ ਲਿਆ ਜਾਏ। ਇਸ ਪੁਸਤਿਕ ਦਾ ਕੋਈ ਵੀ ਭਾਗ ਬਿਨਾ *i Watch* ਦੀ ਪੇਸ਼ਗੀ ਇਜਾਜ਼ਤ ਅਤੇ ਲਿਖਤੀ ਮੰਜ਼ੂਰੀ ਦੇ ਕਿਸੇ ਵੀ ਮਾਧਿਅਮ ਨਾਲ, ਉਹ ਭਾਵੇਂ ਮਕੈਨੀਕਲ ਹੋਵੇ ਜਾਂ ਇਲੈਕਟ੍ਰਾਨਿਕ, ਸੰਚਾਰਿਤ ਨਹੀਂ ਕੀਤਾ ਜਾ ਸਕਦਾ!

# ਭਾਰਤ ਦੀ ਕਾਇਆਕਲਪ

## **ਸੰਬੰਧਿਤ ਵਿੱਦਿਆ ਅਤੇ ਵਿਵਸਾਇਕ ਸਿਖਲਾਈ** ਦੁਆਰਾ
## ਭਾਰਤੀ ਜਨਤਾ ਦੇ **ਸਸ਼ਕਤੀਕਰਨ** ਦੁਆਰਾ

੧. **ਇਹ ਕੋਈ ਪਤਰਿਕਾ ਨਹੀਂ ਹੈ, ਸਗੋਂ ਇਕ ਪੁਸਤਕ ਹੈ।** ਜਿਸ ਨੂੰ ਪੜ੍ਹਨ ਵਿੱਚ ਸੌਖ ਲਈ ਪਤਰਿਕਾ ਵਰਗਾ ਰੂਪ ਦਿੱਤਾ ਗਿਆ ਹੈ। ਬਹੁਤ ਘੱਟ ਲੋਕ ਹੀ ੨੦੦ ਪੰਨਿਆਂ ਦੀ ਪੁਸਤਕ ਪੜ੍ਹਨਾ ਚਾਹੁੰਦੇ ਹਨ।

੨. ਇਹ ਪੁਸਤਕ ਅਤੇ ਇਹ ਕਾਰਜ **ਭਾਰਤ ਦੇ ਨੌਜਵਾਨਾਂ** ਅਤੇ ਐਮਐਸਐਮਈ ਵਿੱਚ ਕੰਮ ਕਰਨ ਵਾਲੇ ੪੬ ਕਰੋੜ ਲੋਕਾਂ ਅਤੇ ਉਹਨਾਂ ਇਸਤਰੀਆਂ ਅਤੇ ਪੁਰਖਾਂ ਲਈ ਹੈ ਜੋ **ਨੌਜਵਾਨਾਂ ਦੇ ਸਸ਼ਕਤੀਕਰਨ** ਲਈ ਹੈ, ਖ਼ਾਸ ਤੌਰ 'ਤੇ ਜੋ **ਇਸਤਰੀਆਂ ਤੇ ਬਾਲਿਕਾਵਾਂ** ਲਈ ਕੰਮ ਕਰ ਰਹੇ ਹਨ।

੩. ਇਸ ਪੁਸਤਕ ਦੇ ਮਜ਼ਮੂਨ-ਪ੍ਰਸੰਗ ਨੂੰ ਸਮਝਣ ਅਤੇ ਪਛਾਣਨ ਲਈ ਸਭ ਤੋਂ ਪਹਿਲਾਂ **ਪੰਨਾ ੭** ਪੜ੍ਹਨ ਦੀ ਲੋੜ ਹੈ, ਕਿਉਂਕਿ ਇਸ **ਉਪਰਾਲੇ ਦਾ ਤੱਤ-ਸਾਰ** ਉਸ ਵਿੱਚ ਦਿੱਤਾ ਗਿਆ ਹੈ।


੪. ਇਸ ਪੁਸਤਕ ਦੇ ਵਿਕਾਸ ਦਾ ਇਤਿਹਾਸ, **ਪੰਨਾ ੮**

੫. ਅਮਰ ਪ੍ਰੇਰਨਾ, **ਪੰਨਾ ੯**

੬. ਇਕ ਨਾਗਰਿਕ ਦੇ ਉਪਰਾਲੇ, **ਪੰਨਾ ੧੦**

੭. ਇਸ ਪੁਸਤਕ ਦਾ ਟੀਚਾ, **ਪੰਨਾ ੧੦**


ਤੁਹਾਡੇ ਲਈ ਸੁਝਾਅ ਹੈ ਕਿ ਇਸ ਪੁਸਤਕ ਦੇ ਮੁੱਖ ਭਾਗਾਂ ਨੂੰ ਪੜ੍ਹਨ ਤੋਂ ਪਹਿਲਾਂ ਪੰਨਾ ੭, ੮, ੯ ਅਤੇ ੧੦ ਨੂੰ ਇਕ ਵਾਰ ਪੜ੍ਹ ਲਓ।

# ਵਿਸ਼ਾ-ਸੂਚੀ


ਵਿਸ਼ਾ-ਸੂਚੀ ੨
ਇਸ ਪੁਸਤਕ ਬਾਰੇ ੪
ਕਾਇਮੀਯੋਗ ਆਰਥਿਕ ਵਿਕਾਸ ੭
ਇਸ ਪੁਸਤਕ ਦੇ ਵਿਕਾਸ ਦਾ ਇਤਿਹਾਸ ੮
ਅਮਰ ਪ੍ਰੇਰਨਾ ੯
ਇਕ ਨਾਗਰਿਕ ਦਾ ਉਪਰਾਲਾ ਅਤੇ ਇਸ ਪੁਸਤਕ ਦੇ ਟੀਚੇ ੧੦
ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ? ੧੧
*i Watch* ਦੇ ਫ਼ੋਕਸ ਵਾਲੇ ਹਲਕੇ ੧੨
*i Watch* ਬਾਰੇ ਸਨਮਾਨਿਤ ਨਾਗਰਿਕਾਂ ਦੇ ਕਥਨ ੧੪
*i Watch* ਬਾਰੇ ੧੬
ਸਿਧਾਂਤ, ਮਿਸ਼ਨ, ਟੀਚੇ ੧੮


## ਭਾਗ ੧ ਰਾਜਪ੍ਰਬੰਧ


ਭਾਰਤ - ਸ਼ਾਇਦ ਤੁਸੀਂ ਇਹ ਗੱਲਾਂ ਨਾ ਜਾਣਦੇ ਹੋਵੋ ੧੯
ਭਾਰਤ ਦੀ ਕਾਇਆਕਲਪ ਕਰਨ ਦਾ ਏਜੰਡਾ ੨੧
ਆਰਥਿਕ ਅਤੇ ਬਿਜ਼ਨਸ ਸੁਧਾਰ ੨੩
ਰਾਜਪ੍ਰਬੰਧ ਅਤੇ ਪ੍ਰਸ਼ਾਸਨ ੨੪
ਭਾਰਤ ਦੇਸ਼ ੨੫
ਚੰਗਾ ਰਾਜਪ੍ਰਬੰਧ ਭਾਰਤ ਦੀ ਕਾਇਆਕਲਪ ਇਕ ਮਹਾਸ਼ਕਤੀ ਦੇ ਰੂਪ ਵਿੱਚ ਕਰ ਸਕਦਾ ਹੈ ੨੬
ਚੰਗਾ ਰਾਜਪ੍ਰਬੰਧ + ਅਸਰਦਾਰ ਪ੍ਰਸ਼ਾਸ਼ਨ = ਭ੍ਰਸ਼ਟਾਚਾਰ ਦਾ ਅੰਤ ੨੭
ਵਿਸ਼ਵਪੱਧਰੀ ਹੋਣ ਲਈ ਲੋੜ ਹੈ ਸਖ਼ਤ ਮਿਹਨਤ ਦੀ ੨੮
ਵਿਸ਼ਵਪੱਧਰੀ ਕੁਸ਼ਲਤਾ ਕਿਵੇਂ ਪਾਈ ਜਾਏ? ੩੧
ਵਿਸ਼ਵ ਰਾਜ-ਪ੍ਰਬੰਧ ਅਤੇ ਵਿਸ਼ਵ ਸ਼ਾਂਤੀ ੩੩


## ਭਾਗ ੨ ਸਿੱਖਿਆ ਅਤੇ ਮਾਨਵ ਸੰਸਾਧਨ ਵਿਕਾਸ


ਕਹਾਣੀ ੩ ਦੇਸ਼ਾਂ ਦੀ - ੧੯੪੭ ਤੋਂ ਬਾਅਦ ੩੪
ਵਿੱਦਿਆ ਦਾ ਮਹੱਤਵ ੩੫
੪੦ ਤੋਂ ੬੦ ਘੰਟਿਆਂ ਵਿੱਚ ਕੋਈ ਵੀ ਭਾਰਤੀ ਭਾਸ਼ਾ ਪੜ੍ਹਨੀ-ਲਿਖਣੀ ਸਿੱਖੋ ੩੬
ਵਿਵਸਾਇਕ ਸਿੱਖਿਆ ਅਤੇ ਸਿਖਲਾਈ, ਵੀਈਟੀ - ਜੇਤੂ! ੩੭
ਉੱਦਮ ਹੁਨਰਾਂ ਦਾ ਵਿਕਾਸ, ਈਐਸਡੀ ਅਤੇ ਵਿਵਸਾਇਕ ਸਿੱਖਿਆ, ਵੀਈਟੀ ਦਾ ਮਹੱਤਵ ੩੯
ਭਾਰਤ ਵਿੱਚ 'ਵਿੱਦਿਆ ਦਾ ਲੇਖਾਜੋਖਾ' ੪੧
ਭਾਰਤ ਨੂੰ ਉੱਚ ਅਤੇ ਤਕਨੀਕੀ ਸਿੱਖਿਆ ਦਾ ਅੰਤਰਰਾਸ਼ਟਰੀ ਕੇਂਦਰ ਬਣਾਓ ੪੩
ਭਾਰਤ ਨੂੰ ਇਕ ਗਿਆਨਪੱਖੀ ਅਰਥਵਿਵਸਥਾ ਬਣਨਾ ਹੈ ੪੪
ਜਨਸੰਖਿਅਕ ਵਿਸਫ਼ੋਟ! ੪੭
ਭਾਰਤ ਦਾ ਵਿਰੋਧਾਭਾਸ ੪੯
ਨੌਜਵਾਨਾਂ ਦੇ ਸਸ਼ਕਤੀਕਰਨ ਲਈ ਤਿੰਨ ਪ੍ਰਸਤਾਵ ੫੧
ਨੌਜਵਾਨਾਂ ਲਈ ਸਲਾਹ-ਮਸ਼ਵਰਾ - ਮੈਂ ਕੌਣ ਹਾਂ! ੫੨

## ਭਾਗ ੩ ਅਰਥਵਿਵਸਥਾ ਅਤੇ ਉੱਦਮ


ਗਰੀਬ ਅਤੇ ਅਮੀਰ ਵਿਚਕਾਰ ਫ਼ਰਕ ੫੬
ਵਾਸਤਵਿਕ ਅਤੇ ਅਨੂਠਾ ਭਾਰਤ ੫੭
ਗਰੀਬੀ ਰੇਖਾ ਅਤੇ ਸੰਬੰਧਿਤ ਆਂਕੜੇ ੫੮
ਵਿਸ਼ਵ ਬਜ਼ਾਰਾਂ ਲਈ ਯੋਜਨਾ ਕਿਵੇਂ ਬਣਾਈਏ? ਇਕ ਚੈੱਕਲਿਸਟ! ੫੯
ਐਮਐਸਐਮਈ ਹਰ ਅਰਥਵਿਵਸਥਾ ਦੀ ਰੀੜ੍ਹ ਹੈ? ੬੧
ਭਾਰਤ ਨੂੰ ਅੰਤਰਰਾਸ਼ਟਰੀ ਧੁਰਾ ਬਣਨਾ ਹੋਏਗਾ ੬੩
ਭਾਰਤੀ ਅਰਥਵਿਵਸਥਾ ਦਾ ਜੀਡੀਪੀ ਵਿਸ਼ਲੇਸ਼ਣ – ਐਸਐਮਈ ਦਾ ਮਹੁੱਤਵ ੬੫
ਚੀਨ – ਭਾਰਤ ਤੁਲਨਾਤਮਕ ਚਾਰਟ.... ਸਾਡੇ ਨਾਲ ਮੁਕਾਬਲਾ ਕਰੋਗੇ? ੬੬
ਵਿਸ਼ਵ, ਯੂਐਸਏ, ਬੀਆਰਆਈਸੀ ਚੁਣੇ ਹੋਏ ਦੇਸ਼ ੬੭


## ਭਾਗ ੪ ਰੋਜ਼ਗਾਰ ਉਤਪੱਤੀ


ਸਿੱਖਿਆ ਅਤੇ ਹੁਨਰ ਦਾ ਮਹੱਤਵ ੬੮
ਐਚਆਰਡੀ – ਸਿੱਖਿਆ – ਰੋਜ਼ਗਾਰ ਅਤੇ ਬੇਰੋਜ਼ਗਾਰੀ ੬੯
ਭਾਰਤ ਵਿੱਚ 'ਰੋਜ਼ਗਾਰ ਦਾ ਲੇਖਾਜੋਖਾ' ੭੦
ਛੋਟੇ, ਦਰਮਿਆਨੇ ਉੱਦਮਾਂ ਦੁਆਰਾ ਰੋਜ਼ਗਾਰ ਦੀ ਉਤਪੱਤੀ ੭੨
ਐਮਐਸਐਮਈ ਦੀਆਂ ਸ਼੍ਰੇਣੀਆਂ, ਯੂਐਸ–ਐਸਬੀਏ ਵਰਗੀਕਰਨ ੭੩
ਵੀਈਟੀ ਦੁਆਰਾ ਰੋਜ਼ਗਾਰ ਦੇ ਅਵਸਰ ੭੫
ਵਿਵਸਾਇਕ ਸਿੱਖਿਆ ਤੇ ਸਿਖਲਾਈ, ਵੀਈਟੀ ਪਾਠਕ੍ਰਮਾਂ ਦਾ ਵਰਗੀਕਰਨ ੭੬
ਰੋਜ਼ਗਾਰ ਦੇ ਅਵਸਰਾਂ ਲਈ – ਬੀਈਟੀ 'ਤੇ ਅਮਲ ੭੯
ਸਿੱਖਿਆ ਅਤੇ ਵੀਈਟੀ ਖੇਤਰ ਵਿੱਚ ਪ੍ਰਯੋਗ ਕੀਤੀਆਂ ਜਾਣ ਵਾਲੀਆਂ ਪਰੀਭਾਸ਼ਾਵਾਂ ੮੨
ਚੀਨ ਵਿੱਚ ਵਿਵਸਾਇਕ ਸਿਖਲਾਈ, ਵੀਈਟੀ ਅਤੇ ਅਰਥਵਿਵਸਥਾ ੮੩
ਜਰਮਨੀ (ਈਯੂ) ਵਿੱਚ ਵਿਵਸਾਇਕ ਸਿਖਲਾਈ, ਵੀਈਟੀ ਅਤੇ ਅਰਥਵਿਵਸਥਾ ੮੪
ਅਮਰੀਕਾ ਵਿੱਚ ਵਿਵਸਾਇਕ ਸਿਖਲਾਈ, ਵੀਈਟੀ ਅਤੇ ਅਰਥਵਿਵਸਥਾ ੮੫
ਭਾਰਤ ਵਿੱਚ ਵਿਵਸਾਇਕ ਸਿਖਲਾਈ, ਵੀਈਟੀ ਅਤੇ ਅਰਥਵਿਵਸਥਾ ੮੬
ਭਾਰਤ ਦੀ ਮਜ਼ਦੂਰੀ ਉਤਪਾਦਕਤਾ ੮੭
ਸੰਬੰਧਿਤ ਸਿੱਖਿਆ ਅਤੇ ਸਿਖਲਾਈ ੮੮
ਖੇਤੀਬਾੜੀ ਖੇਤਰ: ਭਾਰਤ ਦੀ ਲਾਭਦਾਇਕ ਸਥਿਤੀ ੯੦


## ਆਮ


ਆਮ ਜਾਣਕਾਰੀ ੯੧
ਸੰਦਰਭ ੯੨
*i Watch* ਰਾਸ਼ਟਰੀ ਸੰਮਤੀਆਂ ਵਿੱਚ ੯੩
ਇਸ ਪੁਸਤਕ ਵਿੱਚ ਵਰਤੇ ਗਏ ਸੰਖੇਪ ਅੱਖਰ ੯੪
*i Watch* ਪ੍ਰਕਾਸ਼ਨ ੧੩ ਭਾਸ਼ਵਾਂ ਵਿੱਚ ਉਪਲਬਧ ੯੫
੧੦% ਤੋਂ ੧੫% ਪ੍ਰਤੀ ਵਰਸ਼ ਦੀ ਜੀਡੀਪੀ ਵਿੱਚ ਵ੍ਰਿਧੀ ਦਰ ਲਈ ਐਕਸ਼ਨ ਪਲਾਨ ੯੬
*i Watch* ਦੀਆਂ ਸਨ ੨੦੧੪–੧੫ ਲਈ ਪਰੀਯੋਜਨਾਵਾਂ ੯੭
ਸਪਾਂਸਰ ੯੮
*i Watch* ਵੱਲੋਂ ਸੀਐਸਆਰ ਪਰੀਯੋਜਨਾਵਾਂ ੧੦੦
ਲੇਖਕ ਦੇ ਬਾਰੇ ਵਿੱਚ ੧੦੧
ਸਮਾਵੇਸ਼ੀ ਵਿਕਾਸ ਦਾ ਮੰਤਰ: ਮਾਨਵੀ ਅਸਾਸਿਆਂ 'ਤੇ ਫ਼ੋਕਸ ੧੦੨

# ਇਸ ਪੁਸਤਕ ਬਾਰੇ

ਇਹ ਪ੍ਰਸਤੁਤੀਕਰਨ ਭਾਰਤ ਦੇ ਨਾਗਰਿਕਾਂ ਜਿਵੇਂ ਪਾਲਿਟੀਸ਼ਅਨਾਂ, ਕਿਸਾਨਾਂ, ਕਰਮਚਾਰੀਆਂ, ਪ੍ਰੋਫ਼ੈਸ਼ਨਲਾਂ, ਅਧਿਆਪਕਾਂ ਵਿਦਿਆਰਥੀਆਂ, ਸਕਾਲਰਾਂ, ਡਾਕਟਰਾਂ, ਬਿਜ਼ਨਸਮੈਨਾਂ, ਗ੍ਰਹਿਣੀਆਂ, ਇੰਜੀਨੀਅਰਾਂ, ਵਕੀਲਾਂ, ਸਲਾਹਕਾਰਾਂ, ਐਨਆਰਆਈਆਂ, ਵਿਦੇਸ਼ਾਂ ਵਿੱਚ ਵੱਸੇ ਭਾਰਤਵੰਸ਼ੀਆਂ ਅਤੇ ਭਾਰਤ ਦੇ ਨੌਜਵਾਨਾਂ ਦੇ ਫ਼ਾਇਦੇ ਲਈ ਤਿਆਰ ਕੀਤਾ ਗਿਆ ਹੈ।

ਇਕ ਕੋਈ ਪਤਰਿਕਾ ਨਹੀਂ ਸਗੋਂ **ਇਕ ਪੁਸਤਕ ਹੈ**! ਇਸ ਨੂੰ ਸੌਖੀ ਅਤੇ ਦੋਸਤਾਨਾ ਸ਼ੈਲੀ ਵਿੱਚ ਲਿਖਿਆ ਗਿਆ ਹੈ ਤਾਂ ਕਿ ਸੁਖਾਲੇ ਢੰਗ ਨਾਲ ਪੜ੍ਹੀ ਜਾ ਸਕੇ। ਜ਼ਿਆਦਾਤਰ ਲੇਖ ਇਕ ਜਾਂ ਦੋ ਪੰਨਿਆਂ ਦੇ ਹਨ। ਕੁਝ ਹੀ ਲੇਖ ਤਿੰਨ ਪੰਨਿਆਂ ਦੇ ਹਨ।

ਜਿੱਥੇ ਕਿਤੇ ਲੋੜ ਸੀ, ਪਾਠ ਦੇ ਨਾਲ ਸੌਖੇ ਰੇਖਾਚਿਤਰ ਦਿੱਤੇ ਗਏ ਹਨ ਤਾਂ ਕਿ ਬੇਲੋੜੇ ਪਾਠ ਨੂੰ ਯਥਾਸੰਭਵ ਕੱਟਿਆ ਜਾ ਸਕੇ।

ਇਸ ਪੁਸਤਕ ਦੀ ਸਾਮਗਰੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਹਰ ਪੰਨੇ ਦੇ ਅੰਤ ਵਿੱਚ ਲੇਖ ਦੇ ਪ੍ਰਕਾਰ ਨੂੰ ਵਰਗੀਕ੍ਰਿਤ ਕੀਤਾ ਗਿਆ ਹੈ। ਇਹਨਾਂ ਦੇ ਵਿਸ਼ਿਆਂ ਵਿੱਚ ਅੰਤਰਸੰਬੰਧਾਂ ਨੂੰ ਲੋੜ ਅਨੁਸਾਰ ਉਘਾੜਿਆ ਗਿਆ ਹੈ।

**ਭਾਗ ੧** ਵਿੱਚ **ਰਾਜਪ੍ਰਬੰਧ** ਨਾਲ ਸੰਬੰਧਿਤ ਲੇਖ ਹਨ।

**ਭਾਗ ੨** ਵਿੱਚ **ਸਿੱਖਿਆ ਅਤੇ ਮਾਨਵ ਸੰਸਾਧਨ ਵਿਕਾਸ** ਬਾਰੇ ਲੇਖ ਹਨ।

**ਭਾਗ ੩** ਵਿੱਚ **ਅਰਥਵਿਵਸਥਾ ਅਤੇ ਉੱਦਮਤਾ** ਬਾਰੇ ਚੋਣਵੇਂ ਖੇਤਰਾਂ 'ਤੇ ਲੇਖ ਹਨ।

**ਭਾਗ ੪** ਵਿੱਚ **ਰੋਜ਼ਗਾਰ ਉਤਪੱਤੀ** ਬਾਰੇ ਲੇਖ ਹਨ।

ਇਹ ਪੁਸਤਕ ਐਸੇ ਹਰ ਵਿਅਕਤੀ ਲਈ ਹੈ, ਜਿਸ ਨੇ ੯ਵੀਂ ਜਮਾਤ ਤਕ ਜਾਂ ਇਸ ਤੋਂ ਜ਼ਿਆਦਾ ਪੜ੍ਹਾਈ ਕੀਤੀ ਹੈ।

ਕਿਉਂਕਿ ਭਾਰਤ ਦੀ ਮੁਸ਼ਕਿਲ ਨਾਲ ੭% ਜਨਤਾ ਅੰਗ੍ਰੇਜ਼ੀ ਜਾਣਦੀ ਹੈ, ਇਸ ਲਈ ਇਸ ਪੁਸਤਕ ਨੂੰ ਸਾਰੀਆਂ ਪ੍ਰਮੁਖ ਭਾਰਤੀ ਭਾਸ਼ਾਵਾਂ ਜਿਵੇਂ ਕਿ ਮਰਾਠੀ, ਗੁਜਰਾਤੀ, ਉਰਦੂ, ਹਿੰਦੀ, ਤਮਿਲ, ਤੇਲੁਗੂ, ਕੰਨੜ, ਮਲਿਆਲਮ, ਉੜੀਆ, ਬੰਗਾਲੀ, ਅਸਾਮੀ ਅਤੇ ਪੰਜਾਬੀ ਵਿੱਚ ਵੀ ਉਪਲਬਧ ਕਰਾਇਆ ਜਾ ਰਿਹਾ ਹੈ।

ਇੱਥੇ ਦਿੱਤੀ ਗਈ ਜਾਣਕਾਰੀ ਵਿੱਚ ਯਥਾਸੰਭਵ ਨਵੀਨਤਮ ਆਂਕੜੇ ਵਰਤੇ ਗਏ ਹਨ।

ਪਾਠਕਾਂ ਨੂੰ ਸਿਫ਼ਾਰਸ਼ ਹੈ ਕਿ ਉਹ ਇਹਨਾਂ ਪੰਨਿਆਂ ਵਿੱਚ ਦਿੱਤੇ ਗਏ ਮਜ਼ਮੂਨ ਨੂੰ ਭਾਰਤ ਦੀ ਜਨਤਾ ਦੇ ਵਿਚਾਰਾਂ ਅਤੇ ਕਾਰਜਾਂ ਨੂੰ ਸੰਘਠਿਤ ਕਰਨ ਦੀ ਭਾਵਨਾ ਨਾਲ ਹੀ ਵਿਚਾਰ ਗੋਚਰਾ ਕਰਨ, ਜੋਕਿ ਇਸ ਮਜ਼ਮੂਨ ਨੂੰ ਲਿਖੇ ਜਾਣ ਦੇ ਪਿੱਛੇ ਦੀ ਮੂਲ ਭਾਵਨਾ ਹੈ। ਇਹ ਕੋਈ ਉਪਦੇਸ਼ਾਤਮਕ ਭਾਸ਼ਣ ਨਹੀਂ ਹੈ, ਸਗੋਂ ਤੱਥਾਂ ਦਾ ਵਿਵਰਨ ਹੈ। ਇਸ ਦਾ ਇੱਕੋ-ਇਕ ਲਕਸ਼ **ਭਾਰਤ ਦੀ ਜਨਤਾ ਦੇ ਲਾਭ ਹਿੱਤ** ਜਨ-ਜਾਗਰੂਕਤਾ ਅਤੇ ਕਾਰਜਸ਼ੀਲਤਾ ਨੂੰ ਹੋਰ ਵਧਾਉਣਾ ਹੀ ਹੈ।

ਹਰੇਕ ਟਿੱਪਣੀ ਆਪਣੇ ਆਪ ਵਿੱਚ ਵਿਲੱਖਣ ਹੈ। ਕਿਸੇ ਨੂੰ ਵੀ, ਕਿਸੇ ਵੀ ਸਮੇਂ ਪੜ੍ਹਿਆ ਜਾ ਸਕਦਾ ਹੈ।

ਜੇ ਤੁਸੀਂ ਮੈਨੂੰ ਉਹਨਾਂ ਪੰਜ ਮਹੱਤਵਪੂਰਨ ਖੇਤਰਾਂ ਦੇ ਨਾਂ ਪੁੱਛੋ, ਜਿਨਾਂ ਵਿੱਚ ਭਾਰਤ ਦੀ ਜਨਤਾ ਦੇ ਹਿੱਤ ਵਿੱਚ ਸਭ ਤੋਂ ਵੱਧ ਧਿਆਨ ਦਿੱਤੇ ਜਾਣ ਦੀ ਲੋੜ ਹੈ ਤਾਂ ਮੈਂ ਕਹਾਂਗਾ, ਉਹ ਹਨ – ਵਿੱਦਿਆ, ਵਿੱਦਿਆ, ਵਿੱਦਿਆ, ਸ਼ਾਸਨ ਅਤੇ ਮੁੱਢਲੀ ਸਿਹਤ ਦੇਖਭਾਲ।

**ਨੰਬਰ ਇਕ 'ਵਿੱਦਿਆ'** ਤੋਂ ਭਾਵ ਹੈ, ਕਾਰਜਕਾਰੀ ਸਾਖਤਰਾ ਅਤੇ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਸੈਕੰਡਰੀ ਵਿੱਦਿਆ। ਸੰਸਦ ਵਿੱਚ 'ਵਿੱਦਿਆ ਦਾ ਅਧਿਕਾਰ ਬਿਲ' ਸਨ ੨੦੦੫ ਵਿੱਚ ਹੀ ਪੇਸ਼ ਕੀਤਾ ਗਿਆ ਸੀ, ਜੋ ਸਨ ੨੦੦੯ ਵਿੱਚ ਪਾਸ ਹੋਇਆ। ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਘੱਟ ਤੋਂ ਘੱਟ ਆਜ਼ਾਦੀ ਦੇ ੬੩ ਵਰ੍ਹਿਆਂ ਬਾਅਦ ਅਸੀਂ ''ਵਿੱਦਿਆ'' ਦੇ ਮਹੱਤਵ ਨੂੰ ਤਾਂ ਪਛਾਣਿਆ।

**ਨੰਬਰ ਦੋ 'ਵਿੱਦਿਆ'** ਤੋਂ ਭਾਵ ਹੈ ਵਿਵਸਾਇਕ ਸਿੱਖਿਆ ਅਤੇ ਸਿਖਲਾਈ (ਵੀਈਟੀ)। ਵੀਈਟੀ ਦੇ ਮਹੱਤਵ ਨੂੰ ਆਖ਼ਿਰਕਾਰ ਪ੍ਰਧਾਨ ਮੰਤਰੀ ਪੱਧਰ 'ਤੇ ਸਵੀਕਾਰ ਕੀਤਾ ਗਿਆ ਹੈ ਜਿਨ੍ਹਾਂ ਨੇ ਨੌਜਵਾਨ ਭਾਰਤੀਆਂ ਨੂੰ ਸਸ਼ਕਤੀਕਰਨ ਅਤੇ ਸਿਖਲਾਈ ਦੁਆਰਾ ਲਾਭਦਾਇਕ ਰੋਜ਼ਕਾਰ ਦਿਵਾਉਣ ਲਈ ਇਕ ਰੂਪਰੇਖਾ ਤਿਆਰ ਕਰਨ ਲਈ ਨਵੰਬਰ ੨੦੦੬ ਵਿੱਚ ਇਕ ਕਾਰਜ-ਦਲ ਦਾ ਗਠਨ ਕਰਨ ਦਾ ਨਿਰਦੇਸ਼ ਦਿੱਤਾ।

ਸਨ ੨੦੦੯ ਵਿੱਚ, ੧੧ਵੀਂ ਯੋਜਨਾ ਵਿੱਚ, **ਰਾਸ਼ਟਰੀ ਕੁਸ਼ਲਤਾ ਕੌਂਸਲ** ਅਤੇ **ਰਾਸ਼ਟਰੀ ਕੁਸ਼ਲਤਾ ਵਿਕਾਸ ਨਿਗਮ** ਸਥਾਪਿਤ ਕੀਤੇ ਗਏ। ਭਾਰਤ ਸਰਕਾਰ

ਨੇ ੧੧ਵੀਂ ਪੰਜ ਸਾਲਾ ਯੋਜਨਾ ਵਿੱਚ ੧੫੦੦ ਆਈਟੀਆਈ/ਆਈਟੀਸੀ ਅਤੇ ੫੦,੦੦੦ ਵਧੀਕ ਕੁਸ਼ਲਤਾ ਕੇਂਦਰ ਸਥਾਪਿਤ ਕਰਨ ਦੀ ਯੋਜਨਾ ਬਣਾਈ ਹੈ। ਵਰਤਮਾਨ ੫,੫੦੦ ਆਈਟੀਆਈ ਕੇਂਦਰਾਂ ਦੇ ਆਧੁਨਿਕੀਕਰਨ ਦਾ ਕੰਮ ਵੀ ਪੂਰੇ ਜ਼ੋਰ-ਸ਼ੋਰ ਨਾਲ ਜਾਰੀ ਹੈ।

**ਤੀਜਾ ਨੰਬਰ 'ਵਿੱਦਿਆ'** ਤੋਂ ਭਾਵ ਹੈ ਸਭ ਤਰ੍ਹਾਂ ਦੀ ਮੈਡੀਕਲ, ਉੱਚ ਅਤੇ ਤਕਨੀਕੀ ਸਿੱਖਿਆ ਤੋਂ ਪੂਰੀ ਤਰ੍ਹਾਂ ਨਾਲ ਨਿਯੰਤਰਨ ਸਮਾਪਤ ਕਰਨਾ ਅਤੇ ਉਹਨਾਂ ਨੂੰ ਵਿਨਿਯਮਿਤ ਕਰਨਾ। ਸਿਰਫ਼ ਇਸੇ ਤਰ੍ਹਾਂ ਈਜਾਦਕਾਰੀ ਅਤੇ ਉਤਕ੍ਰਸ਼ਠਤਾ ਹਾਸਿਲ ਕੀਤੀ ਜਾ ਸਕਦੀ ਹੈ ਅਤੇ ਸਾਨੂੰ ਵਿਸ਼ਵ ਪੱਧਰ ਵਾਲੇ ਬਣਾਇਆ ਜਾ ਸਕਦਾ ਹੈ।

ਪਹਿਲਾਂ ਸਟੀਲ, ਸੀਮੇਂਟ, ਕਾਰਾਂ, ਸਕੂਟਰਾਂ ਆਦਿ ਵਿੱਚ ਆਰਖਸ਼ਣ ਸੀ। ਸਿਰਫ਼ ਸ਼ੱਮਤਾ ਵਧਾਉਣ ਅਤੇ ਬਾਜ਼ਾਰ ਨੂੰ ਮੁਕਤ ਕਰਨ ਵਿੱਚ ਕੀਮਤਾਂ, ਗੁਣਵੱਤਾ ਅਤੇ ਉਪਲਬਧਤਾ ਦੇ ਮੁੱਦਿਆਂ ਨੂੰ ਸੁਲਝਾਇਆ ਹੈ। ਸਿੱਖਿਆ ਦੇ ਸਭ ਖੇਤਰਾਂ, ਖ਼ਾਸ ਤੌਰ 'ਤੇ ਉੱਚਤਰ ਸਿੱਖਿਆ, ਮੈਡੀਕਲ ਅਤੇ ਤਕਨੀਕੀ ਸਿੱਖਿਆ ਵਿੱਚ ''**ਲਾਇਸੇਂਸ ਰਾਜ**'' ਨੂੰ ਹਟਾਇਆ ਜਾਣਾ ਜ਼ਰੂਰੀ ਹੈ।

ਸਿੱਖਿਆ ਇਕ ਐਸਾ ਉੱਦਮ ਹੈ ਜੋ ਸੂਚਨਾ ਤਕਨਾਲੋਜੀ ਅਤੇ ਸਾਫ਼ਟਵੇਅਰ ਨਾਲੋਂ ਲਗਭਗ ਪੰਜ ਗੁਣਾ ਵੱਡਾ ਹੈ। ਇਸ ਲਈ ਇਸ ਵਿੱਚ ਸਾਫ਼ਟਵੇਅਰ ਅਤੇ ਸੂਚਨਾ ਤਕਨਾਲੋਜੀ ਨਾਲੋਂ ਕਿਤੇ ਵਧੇਰੇ ਰੋਜ਼ਗਾਰ ਪੈਦਾ ਕਰਨ ਦੀ ਸ਼ੱਮਤਾ ਹੈ।

ਪਾਠਕ ਨੂੰ **ਮੁੱਫਲੀ ਸਿਹਤ ਦੇਖਭਾਲ** ਦੇ ਖੇਤਰ ਵਿੱਚ ਆਂਕੜਿਆਂ ਅਤੇ ਸੁਲਝਾਵਾਂ ਲਈ ਕਿਤੇ ਹੋਰ ਵੇਖਣਾ ਹੋਏਗਾ।

**ਚੰਗੇ ਰਾਜ-ਪ੍ਰਬੰਧ** ਨੂੰ ਦਰਸਾਉਣ ਲਈ ਭੈੜੇ ਰਾਜ-ਪ੍ਰਬੰਧ ਤੇ ਉਸ ਦੇ ਮਨਫ਼ੀ ਪ੍ਰਭਾਵਾਂ ਦੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਗਈਆਂ ਹਨ। ਲੋਕਰਾਜ ਵਿੱਚ ਚੰਗਾ ਰਾਜ-ਪ੍ਰਬੰਧ ਪਾਉਣਾ ਤਦ ਤਾਈਂ ਮੁਸ਼ਕਿਲ ਹੋਏਗਾ, ਜਦ ਤਕ ਵੋਟਰਾਂ ਨੂੰ ਲੋੜੀਂਦੀ ਵਿੱਦਿਆ ਨਾਲ ਸੰਪੰਨ ਨਹੀਂ ਕੀਤਾ ਜਾਂਦਾ।

ਮਾਈਕ੍ਰੋ ਅਤੇ ਛੋਟੇ ਮੱਧਿਅਮ ਉੱਦਮਾਂ (**ਐਮਐਸਐਮਈ**) ਦੀ ਅਸਲੀ ਸ਼ੱਮਤਾ ਨੂੰ ਪਛਾਨਣ ਲਈ ਸਾਡੇ ਦੇਸ਼ ਨੂੰ ਆਜ਼ਾਦੀ ਤੋਂ ਬਾਅਦ **੫੯** ਸਾਲਾਂ ਦਾ ਸਮਾਂ ਲੱਗਾ ਹੈ ਅਤੇ ਇਸ ਵਿਸ਼ੇ 'ਤੇ ਕਾਫ਼ੀ ਚਰਚਾ ਅਤੇ ਬਹਿਸ ਕਰਨੀ ਪਈ ਹੈ। ਐਮਐਸਐਮਈ 'ਤੇ ਬਿੱਲ ਸਿਰਫ਼ ੨੦੦੬ ਵਿੱਚ ਹੀ ਪਾਸ ਹੋ ਸਕਿਆ ਹੈ। ਸ਼ਾਇਦ ਸਾਡੀ ਜੀਡੀਪੀ ਦਾ ੮੦% ਇੱਥੇ ਹੀ ਹੈ!

ਭਾਰਤ ਸਮੇਤ, ਇਸ ਦੁਨੀਆਂ ਵਿੱਚ ੯੯.੭% ਸੰਗਠਨ ਐਮਐਸਐਮਈ ਹੀ ਹਨ। ਇਹੋ ਤਾਂ ਕਿਸੇ ਰਾਸ਼ਟਰ ਦੀ 'ਰਫ਼ਤਾਰ' ਅਤੇ 'ਧੜਕਨ' ਹੁੰਦੇ ਹਨ। ੪੯੦ ਮਿਲੀਅਨ ਦੀ ਮਿਹਨਤ-ਸ਼ਕਤੀ ਦਾ ਸਿਰਫ਼ ੬% 'ਸੰਗਠਿਤ ਖੇਤਰ' ਹੈ ਅਤੇ ਬਾਕੀ ੪੬੦ ਮਿਲੀਅਨ ਜਾਂ ੯੪% 'ਅਸੰਗਠਿਤ ਖੇਤਰ' ਹੈ। ਇਕ ਅਨੁਮਾਨ ਅਨੁਸਾਰ, ਮਾਈਕ੍ਰੋ ਅਤੇ ਛੋਟੇ ਮਧਿਅਮ ਉੱਦਮਾਂ ਦੀ ਕੁੱਲ ਸੰਖਿਆ ੧੦੦ ਮਿਲੀਅਨ ਹੈ। ਇਸ ਵਿੱਚ ੮੦% ਖੇਤੀਬਾੜੀ ਅਤੇ ਬਾਗਬਾਨੀ ਉੱਦਮਾਂ ਦੀ ਹੈ, ਜਦ ਕਿ ਸੇਵਾ ਅਤੇ ਨਿਰਮਾਣ ਸੈਕਟਰਾਂ ਵਿੱਚ ੨੦% ਹੈ।

ਰੋਜ਼ਗਾਰ ਉਤਪੱਤੀ ਲਈ ਵਿਵਸਾਇਕ ਸਿੱਖਿਆ ਅਤੇ ਸਿਖਲਾਈ ਜਾਂ ਵੀਈਟੀ ਅਤੇ ਐਮਐਸਐਮਈ ਦੇ ਮਹੱਤਵ 'ਤੇ ਜ਼ੋਰ ਦਿੱਤਾ ਗਿਆ ਅਤੇ ਸਪਸ਼ਟ ਕੀਤਾ ਗਿਆ ਹੈ। ਨਵੀਨਤਮ ਸੀਆਈਆਈ - ਬੀਸੀਜੀ - ਪ੍ਰੋ. ਸੀ. ਕੇ. ਪ੍ਰਹਲਾਦ ਪ੍ਰੋਜੈਕਟ **ਭਾਰਤ @ ੭੫** ਅਨੁਸਾਰ ਸਨ ੨੦੨੨ ਤਕ, ਦੇਸ਼ ਨੂੰ ੫੦੦ ਮਿਲੀਅਨ ਵਿਸ਼ਵ-ਪੱਧਰ ਦੇ ਕੁਸ਼ਲ ਲੋਕਾਂ ਅਤੇ ੨੦੦ ਮਿਲੀਅਨ ਵਿਸ਼ਵ ਪੱਧਰ ਦੇ ਗ੍ਰੈਜੂਏਟਾਂ ਦੀ ਲੋੜ ਹੋਏਗੀ।

ਇਸ ਪੁਸਤਕ ਦੇ ਵਿਕਾਸ ਦਾ ਇਤਿਹਾਸ ਨਾਟਕੀ ਰਿਹਾ ਹੈ, ਹੋਰ ਜਾਣਕਾਰੀ ਲਈ ਕਿਰਪਾ ਕਰਕੇ ਪੰਨਾ **੮** ਵੇਖੋ।

**ਕੇਵਲ ਪਰੀਵਰਤਨ ਹੀ ਸਥਿਰ ਚੀਜ਼ ਹੈ।** ਇਹ ਫ਼ੈਸਲਾ ਤੁਸੀਂ ਪਾਠਕਾਂ ਨੇ ਹੀ ਕਰਨਾ ਹੈ ਕਿ ਇਹ ਪਰੀਵਰਤਨ ਬਿਹਤਰੀ ਲਈ ਸੀ ਜਾਂ ਬਦਤਰੀ ਲਈ।

ਕ੍ਰਿਸ਼ਣ ਖੰਨਾ
*ਮੁੰਬਈ, ਭਾਰਤ*
ਅਪ੍ਰੈਲ, ੨੦੧੪

**ਬੇਦਾਅਵਾ**

ਇਸ ਪੁਸਤਕ ਵਿੱਚ ਦਿੱਤੀ ਗਈ ਜਾਣਕਾਰੀ ਭਾਰਤ ਅਤੇ ਭਾਰਤ ਤੋਂ ਬਾਹਰ ਦੇ ਸਾਰੇ ਸ੍ਰੋਤਾਂ ਤੋਂ ਪਿਛਲੇ ੨੦ ਸਾਲਾਂ ਵਿੱਚ ਇਕੱਠੀ ਕੀਤੀ ਗਈ ਹੈ।
ਉਪਲਬਧ ਕਰਾਏ ਗਏ ਆਂਕੜਿਆਂ ਬਾਰੇ *i Watch* ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਜ਼ਿੰਮੇਵਾਰੀ ਨਹੀਂ ਲੈਂਦੀ ਹੈ।
ਅਸੀਂ ਇਹ ਸੁਝਾਅ ਨਹੀਂ ਦੇਂਦੇ ਕਿ ਇਸ ਪੁਸਤਕ ਵਿੱਚ ਉਪਲਬਧ ਕਰਾਏ ਗਏ ਆਂਕੜਿਆਂ ਦੇ ਆਧਾਰ 'ਤੇ ਨਿਵੇਸ਼ ਕੀਤੇ ਜਾਣ ਜਾਂ ਬਿਜ਼ਨਸ ਸੰਬੰਧੀ ਫ਼ੈਸਲੇ ਕੀਤੇ ਜਾਣ।
ਜਾਣਕਾਰੀ ਦੇ ਜ਼ਿਆਦਾਤਰ ਸ੍ਰੋਤਾਂ ਬਾਰੇ ਪੰਨਾ ੯੨ 'ਤੇ ਸੰਦਰਭ ਦਿੱਤੇ ਗਏ ਹਨ।
ਨਵੀਨਤਮ ਆਂਕੜਿਆਂ ਅਤੇ ਜਾਣਕਾਰੀ ਬਾਰੇ ਪਾਠਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੌਜੂਦਾ ਵੇਬਸਾਈਟਾਂ ਅਤੇ ਹੈਂਡਬੁੱਕਾਂ ਵੇਖਣ, ਜਿਨ੍ਹਾਂ ਦਾ ਵਰਨਣ ਪੰਨਾ ੯੨ 'ਤੇ ਕੀਤਾ ਗਿਆ ਹੈ।

**ਭਾਰਤ ਦੇ ਸਨਮਾਨ ਯੋਗ ਨਾਗਰਿਕ**
ਮਰਦ, ਇਸਤਰੀਆਂ ਅਤੇ ਬੱਚੇ

# ਸਮਾਵੇਸ਼ੀ ਵਿਕਾਸ ਦਾ ਮੰਤਰ: *ਧਿਆਨ ਕੇਂਦਰਿਤ ਕਰੋ* ਮਾਨਵੀ ਅਸਾਸਿਆਂ 'ਤੇ

ਪਿਆਰੇ ਦੋਸਤੋ,

ਅਸੀਂ ਪਰਿਵਾਰ ਦੁਆਰਾ ਜੁਟਾਏ ਫ਼ੰਡ (ਧਨ) ਵਾਲਾ ਇਕ ੨੧ ਵਰ੍ਹੇ ਪੁਰਾਣਾ ਐਨਜੀਓ ਹਾਂ ਅਤੇ ਅਸੀਂ ਰਾਜ-ਪ੍ਰਬੰਧ, ਸਿੱਖਿਆ, ਅਰਥਚਾਰੇ ਅਤੇ ਰੋਜ਼ਗਾਰ ਦੇ ਹਲਕਿਆਂ ਵਿੱਚ ਕੰਮ ਕਰਦੇ ਹਾਂ। ਮੇਰੀ ਪੁਸਤਕ – **ਭਾਰਤ ਦੀ ਕਾਇਆਕਲਪ** ਦੀ ਕਾਪੀ ਸਾਡੀ ਵੇਬਸਾਈਟ www.wakeupcall.org ਤੋਂ ਬੜੀ ਸੁਖਾਲੀ, ਪੂਰੀ ਖੁਲ੍ਹ ਨਾਲ ਡਾਊਨਲੋਡ ਕੀਤੀ ਜਾ ਸਕਦੀ ਹੈ। ਮੇਰੀ ਖ਼ੁਸ਼ਕਿਸਮਤੀ ਸੀ ਕਿ ਮੈਨੂੰ ੬ ਸਾਲਾਂ ਲਈ ਜਰਮਨੀ ਅਤੇ ਜਾਪਾਨ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ; ਦੋਵੇਂ ਹੀ ੨ਜੇ ਵਿਸ਼ਵ ਯੁੱਧ ਵਿੱਚ ਤਬਾਹ ਹੋ ਗਏ, ਪਰ ਬਾਵਜੂਦ ਇਸ ਦੇ ਕਿ ਇਹਨਾਂ ਕੋਲ ਕੋਲੇ, ਤੇਲ ਜਾਂ ਗੈਸ ਦੇ ਰੂਪ ਵਿੱਚ ਊਰਜਾ ਜਾਂ ਖਣਿਜ ਦੌਲਤ ਨਹੀਂ ਹੈ, ਦੋਵੇਂ ਦੇਸ਼ ਦੁਨੀਆਂ ਵਿੱਚ ੨ਜੀ ਅਤੇ ੩ਜੀ, ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਬਣਕੇ ਉੱਭਰੇ। ਇਹਨਾਂ ਦਾ ਸਾਈਜ਼ ਭਾਰਤ ਦੇ ਸਾਈਜ਼ ਦਾ ਸਿਰਫ਼ ੧੨% ਹੈ। **ਇਹਨਾਂ ਵਿੱਚ ਉੱਚ ਗੁਣਵੱਤਾ ਵਾਲੇ ਮਾਨਵੀ ਅਸਾਸੇ ਹਨ**! ਤੇ ਇਹੋ ਹੈ ਇਹਨਾਂ ਦਾ ਰਾਜ਼। ਇਹ ਗੱਲ ਹੈ ਚੀਨ, ਦੱਖਣ ਕੋਰੀਆ, ਤਾਈਵਾਨ, ਹਾਂਗਕਾਂਗ, ਸਿੰਗਾਪੁਰ, ਮਲੇਸ਼ੀਆ ਅਤੇ ਜਾਪਾਨ ਦੀ।

ਮੈਂ ਬੜੀ ਨਿਰਮਾਨਤਾ ਨਾਲ ਕਹਿਣਾ ਚਾਹੁੰਦਾ ਹਾਂ, ਕਿ ਬਿਜ਼ਨਸ ਵਿੱਚ ਮੇਰੇ ੩੧ ਸਾਲਾਂ ਦੇ ਅਨੁਭਵ ਅਤੇ ਸਮਾਜਕ ਖੇਤਰ ਵਿੱਚ ੨੦ ਸਾਲਾਂ ਦੇ ਕਾਰਜ ਦੇ ਆਧਾਰ 'ਤੇ ਮੇਰੀ ਰਾਇ ਹੈ ਕਿ ਪਿਛਲੀਆਂ ਸਰਕਾਰਾਂ ਨੇ ਬਹੁਤ ਕੰਮ ਕੀਤਾ ਹੈ, ਪਰ ਅਗਲੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਦੇ ਹੋਇਆਂ ਬਹੁਤ ਕੁਝ ਹੋਰ ਵੀ ਕੀਤਾ ਜਾ ਸਕਦਾ ਹੈ:-

੧. **ਸਭ ਕੇਂਦਰੀ ਸਰਕਾਰ ਦੀਆਂ ਵੇਬਸਾਈਟਾਂ ਨੂੰ ਮੁੱਖ ੧੨ ਭਾਰਤੀ ਭਾਸ਼ਾਵਾਂ ਵਿੱਚ ਬਦਲਣਾ।** ਭਾਰਤ ਵਿੱਚ ਰੀਜਨਲ ਮੀਡੀਆ ਅੰਗ੍ਰੇਜ਼ੀ ਮੀਡੀਆ ਤੋਂ ੨੦ ਗੁਣਾ ਵੱਡਾ ਹੈ ਅਤੇ ਵਧੇਰੇ ਲੋਕ ਸਮਝ ਸਕਣਗੇ ਤੇ ਸਰਕਾਰ ਨਾਲ ਮਿਲ ਕੇ ਕੰਮ ਕਰ ਸਕਣਗੇ (ਸਿਰਫ਼ ੬% ਭਾਰਤੀ ਅੰਗ੍ਰੇਜ਼ੀ ਨੂੰ ਸਮਝਦੇ ਹਨ। ਸਾਡਾ ਐਨਜੀਓ ੧੨ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੁੰਦਾ ਹੈ)। ਰਫ਼ੀ ਮਾਰਗ, ਨਵੀਂ ਦਿੱਲੀ ਵਿਖੇ ਆਈਐਨਐਸ, ਇੰਡੀਅਨ ਨਿਊਜ਼ਪੇਪਰ ਸੁਸਾਇਟੀ ਹੈਂਡਬੁਕ ਤੁਹਾਨੂੰ ਵਿਸਤ੍ਰਿਤ ਜਾਣਕਾਰੀ ਦੇਵੇਗੀ। ਇੱਥੋਂ ਤਕ ਕਿ ਗੂਗਲ, ਔਰੇਕਲ ਤੇ ਮਾਈਕ੍ਰੋਸਾਫ਼ਟ ਵੀ ਲਗਭਗ ੯ ਤੋਂ ੧੫ ਭਾਰਤੀ ਭਾਸ਼ਾਵਾਂ ਵਰਤਦੇ ਹਨ। ਭਾਰਤੀ ਸੰਵਿਧਾਨ ੨੨ ਭਾਸ਼ਾਵਾਂ ਦਾ ਸਮਰਥਨ ਕਰਦਾ ਹੈ।

੨. **ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਉੱਤੇ ਧਿਆਨ ਕੇਂਦਰਿਤ ਕਰਨਾ।** ਭਾਰਤ ਵਿੱਚ ੬੫ ਸਾਲਾਂ ਤੋਂ ਬਾਅਦ ਵੀ ਸਾਡੇ ੬੫% ਲੋਕ ਅਣਪੜ੍ਹ ਹਨ। (ਕਿਰਪਾ ਕਰਕੇ, ਸਾਡੇ ਅਨੁਮਾਨ ਦੀ ਜਾਂਚ ਯੂਐਨਡੀਪੀ ਨਾਲ ਵੀ ਕਰੋ)। ਜਦ ਤਕ ਲੋਕ ਲਿਖ-ਪੜ੍ਹ ਵੀ ਨਾ ਸਕਣ, ਤਦ ਤਕ ਗਰੀਬੀ ਨੂੰ ਘਟਾਇਆ ਜਾ ਹੀ ਨਹੀਂ ਸਕਦਾ! ੯੦% ਮਾਨਵੀ ਦਿਮਾਗ ਦਾ ਵਿਕਾਸ ੬-੭ ਸਾਲਾਂ ਦੀ ਉਮਰ ਤਕ ਹੀ ਹੋ ਜਾਂਦਾ ਹੈ, ਇਸ ਲਈ ਪ੍ਰੀ-ਪਾਇਮਰੀ ਸਿੱਖਿਆ ਮਹੱਤਵਪੂਰਨ ਹੈ।

੩. **ਉੱਦਮੀ ਕੁਸ਼ਲਤਾ ਦੇ ਵਿਕਾਸ ਉੱਤੇ ਧਿਆਨ ਕੇਂਦਰਿਤ ਕਰੋ।** ਈਯੂ ਵਿੱਚ ਇਹ ਸ਼੍ਰੇਣੀ ੧ ਤੋਂ ਸ਼ੁਰੂ ਹੁੰਦਾ ਹੈ। ਭਾਰਤ ਵਿੱਚ ਸਾਨੂੰ ਘੱਟੋਘੱਟ ਸ਼੍ਰੇਣੀ ੮ ਤੋਂ ਜਾਂ ਹਾਇਰ ਸੈਕੰਡਰੀ ਸਕੂਲ ਤੋਂ ਤਾਂ ਸ਼ੁਰੂ ਕਰਨਾ ਹੀ ਚਾਹੀਦਾ ਹੈ। ਤੁਸੀਂ ਭਾਵੇਂ ਸਵੈਰੋਜ਼ਗਾਰ ਵਾਲੇ ਹੋਵੋ ਜਾਂ ਦੂਜਿਆਂ ਲਈ ਕੰਮ ਕਰਦੇ ਹੋਵੋ, ਇਹ ਕੁਆਲਿਟੀ ਬੜੀ ਮਹੱਤਵਪੂਰਨ ਹੈ। **ਸਭ ਭਾਰਤੀਆਂ ਵਿੱਚੋਂ ਲਗਭਗ ੫੮% ਸਵੈਰੋਜ਼ਗਾਰ ਵਾਲੇ ਹਨ। ਈਐਸਡੀ ਸਿੱਖਿਆਰਥੀਆਂ ਦੇ ਐਸਕਿਊ ਅਤੇ ਈਕਿਊ ਨੂੰ ਸੁਧਾਰਦਾ ਹੈ।**

੪. **ਕੁਸ਼ਲਤਾ, ਵਿਵਸਾਇਕ ਸਿਖਲਾਈ ਅਤੇ ਰੋਜ਼ਗਾਰ ਪੈਦਾ ਕਰਨ ਵਾਲੇ ਪ੍ਰੋਜੈਕਟਾਂ 'ਤੇ ਧਿਆਨ ਕੇਂਦਰਿਤ ਕਰੋ।** ਭਾਰਤ (ਆਬਾਦੀ ੧੨੧੦ ਮਿਲੀਅਨ) ਵਿੱਚ ੯,੫੦੦ ਵੀਈਟੀ (ਵਿਵਸਾਇਕ ਸਿੱਖਿਆ ਅਤੇ ਸਿਖਲਾਈ) ਕੇਂਦਰ ਹਨ, ਸਵਿਟਜ਼ਰਲੈਂਡ (ਆਬਾਦੀ ੮ ਮਿਲੀਅਨ) ਵਿੱਚ ੬,੦੦੦, ਜਰਮਨੀ (ਆਬਾਦੀ ੮੨ ਮਿਲੀਅਨ) ਵਿੱਚ ੧੦੦,੦੦੦ ਹਨ, ਜਾਪਾਨ (ਆਬਾਦੀ ੧੨੯ ਮਿਲੀਅਨ) ਵਿੱਚ ੧੫੦,੦੦੦ ਹਨ, ਚੀਨ (ਆਬਾਦੀ ੧੩੫੦ ਮਿਲੀਅਨ) ਵਿੱਚ ੫੦੦,੦੦੦ ਹਨ। ਜਦ ਤੋਂ ਲਾਰਡ ਮਕਾਲੇ ਨੇ ੧੮੩੫ ਵਿੱਚ ਭਾਰਤ ਵਿੱਚ ਸਾਰੇ ਗੁਰੁਕੁਲ **ਕੇਂਦਰ** ਬੰਦ ਕਰ ਦਿੱਤੇ, ਉਦੋਂ ਤੋਂ ਹੀ ਸਾਡੇ ਦੇਸ਼ ਵਿੱਚ ਕੁਸ਼ਲਤਾ ਅਤੇ ਵਿਵਸਾਏ ਦਾ ਨਿਰਮਾਣ ਕਰਨ ਵਾਲੇ ਬੁਨਿਆਦੀ ਢਾਂਚੇ ਦੀ ਕਮੀ ਹੋ ਗਈ। **ਵੀਈਟੀ ਐਸਕਿਊ ਅਤੇ ਈਕਿਊ ਨੂੰ ਸੁਧਾਰਦਾ ਹੈ।**

੫. **ਨੇਸ਼ਨਲ ਨਾਲਜ ਕਮਿਸ਼ਨ ਦੇ ਸੈਮ ਪਿਤਰੋਡਾ ਦੀਆਂ ਸਿਫ਼ਾਰਸ਼ਾਂ 'ਤੇ ਅਮਲ ਕਰੋ।** ਐਨਕੇਸੀ ਨੇ ਭਾਰਤ ਵਿੱਚ **ਉਚੇਰੀ, ਟੈਕਨੀਕਲ, ਮੈਡੀਕਲ ਅਤੇ ਖੇਤੀਬਾੜੀ** ਸਿੱਖਿਆ ਦੇ ਸਭ ਰੂਪਾਂ ਬਾਰੇ ਬਹੁਤ ਹੀ ਵੈਧ ਸੁਝਾਅ ਦਿੱਤੇ ਹਨ। ਇਹਨਾਂ 'ਤੇ ਅਮਲ ਕੀਤਾ ਜਾਣਾ ਚਾਹੀਦਾ ਹੈ। ਅੱਜ ਕੋਈ ਵੀ ਭਾਰਤੀ ਕਾਲਜ ਅਤੇ ਯੂਨੀਵਰਸਿਟੀ ਵਿਸ਼ਵ ਸ਼੍ਰੇਣੀ (ਰੈਂਕਿੰਗ) ਦੇ ਸਰਬੋਤਮ ੨੫੦ ਵਿੱਚ ਨਹੀਂ ਆਉਂਦੀ। ਜਿਸ ਤਰ੍ਹਾਂ ਅਸੀਂ ਕੰਮ ਕਰ ਰਹੇ ਹਾਂ, ਜਾਪਦਾ ਹੈ ਕਿ ਅਗਲੇ ੧੦ ਸਾਲਾਂ ਵਿੱਚ ਅਸੀਂ ਵਿਸ਼ਵ ਦੀਆਂ ਚੋਟੀ ਦੀਆਂ ੫੦੦ ਯੂਨੀਵਰਸਿਟੀਆਂ ਵਿੱਚ ਵੀ ਨਹੀਂ ਗਿਣੇ ਜਾਵਾਂਗੇ। **ਸਿਰਫ਼ ਪ੍ਰਤੀਯੋਗਤਾ ਅਤੇ ਆਜ਼ਾਦ ਬਾਜ਼ਾਰਾਂ ਰਾਹੀਂ ਹੀ ਵਿੱਦਿਅਕ ਸੰਸਥਾਵਾਂ ਨੂੰ ਈਜਾਦਕਾਰੀ, ਖੋਜ ਦੁਆਰਾ ਅੰਤਰਰਾਸ਼ਟਰੀ ਪੱਧਰਾਂ ਤਕ ਗੁਣਵੱਤਾ ਸੁਧਾਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।** ਸਿੱਖਿਆ, ਗਿਆਨ ਦੀ ਦੇਵੀ, ਸਰਸਵਤੀ ਸੰਗਲਾਂ ਵਿੱਚ ਜਕੜੀ ਹੋਈ ਹੈ, ਉਹਨੂੰ ਮੁਕਤ ਕਰਨ ਦੀ ਸਖ਼ਤ ਲੋੜ ਹੈ।

੬. **ਸਿਖਿਆ ਤਕਨਾਲੋਜੀਆਂ, ਵਿਵਸਾਇਕ ਸਿਖਲਾਈ ਅਤੇ ਉੱਦਮੀ ਕੁਸ਼ਲਤਾ ਲਈ** *i Watch* **ਦੁਆਰਾ ਪੇਸ਼ ਕੀਤੇ ਗਏ ਸੁਲਝਾਅ।** ਅਸੀਂ ਸਕੂਲੀ ਸਿੱਖਿਆ ਲਈ ਘੱਟ ਲਾਗਤ ਦੀਆਂ ਉੱਚ ਟੈੱਕ ਭਾਰਤੀ ਵਿਕਸਿਤ ਤਕਨਾਲੋਜੀਆਂ ਪੇਸ਼ ਕਰਦੇ ਹਾਂ (**@ ਰੁ. ੧੦੦ ਪ੍ਰਤੀ ਸਾਲ ਪ੍ਰਤੀ ਵਿੱਦਿਆਰਥੀ**), ਸਭ ਤਰ੍ਹਾਂ ਦੀ ਸਿੱਖਿਆ ਅਤੇ ਸਿਖਲਾਈ ਲਈ ਅੰਤਰਕਿਰਿਆਸ਼ੀਲ ਦੂਰੀ ਵਿੱਦਿਆ (**@ ਰੁ. ੨ ਪ੍ਰਤੀ ਘੰਟਾ**, ਇਕ-ਤੋਂ-ਇਕ-ਤਕ ਮੈਂਟਰਿੰਗ ਸਹਿਤ), ਉੱਦਮੀ ਕਾਰਜਕੁਸ਼ਲਤਾ ਅਤੇ ਵਿਵਸਾਇਕ ਸਿਖਲਾਈ ਲਈ ਸੁਲਝਾਅ। ਵੇਰਵੇ ਲਈ ਪੰਨਾ ੧੦੦ 'ਤੇ ਸਾਡਾ ਸੀਐਸਆਰ ਨੋਟ ਵੇਖੋ।

# ਸੰਬੰਧਿਤ ਸਿੱਖਿਆ ਅਤੇ ਵਿਵਸਾਇਕ ਸਿਖਲਾਈ ਦੁਆਰਾ ਆਰਥਿਕ ਵਿਕਾਸ ਨੂੰ ਕਾਇਮ ਰੱਖਣਾ

ਜਿੱਥੋਂ ਤਕ ਭਾਰਤ ਦਾ ਸੰਬੰਧ ਹੈ, ਉੱਪਰ ਦਿੱਤੇ ਗਏ ਮੁੱਦਿਆਂ 'ਤੇ ਲਗਾਤਾਰ ਕੰਮ ਕਰਨਾ ਹੀ ਪਏਗਾ।

ਹੇਠਾਂ ਦੋ ਮਿਸਾਲਾਂ ਦਿੱਤੀਆਂ ਗਈਆਂ ਹਨ। ਇਹਨਾਂ ਨਾਲ **ਮਾਨਵ ਸੰਸਾਧਨ ਵਿਕਾਸ, ਸੰਬੰਧਿਤ ਸਿਖਲਾਈ** ਅਤੇ **ਕੁਸ਼ਲਤਾ** ਦਾ ਮਹੱਤਵ ਪ੍ਰਦਰਸ਼ਿਤ ਹੁੰਦਾ ਹੈ, ਜਿਨ੍ਹਾਂ ਨੂੰ ਅਰਥਵਿਵਸਥਾ ਵਿਕਾਸ ਨੂੰ ਕਾਇਮ ਰੱਖਣ ਲਈ ਦਿੱਤੀ ਜਾਣ ਵਾਲੀ ਸਿਖਲਾਈ ਦੁਆਰਾ ਹੀ ਹਾਸਿਲ ਕਰ ਸਕਦੇ ਹਾਂ।

ਦੱਖਣ ਕੋਰੀਆ ਦੇ ਸਿੱਖਿਆ ਮੰਤਰਾਲੇ ਵੱਲੋਂ ਮੈਨੂੰ ਅਕਤੂਬਰ, ੨੦੦੭ ਵਿੱਚ 'ਵਿਕਾਸਸ਼ੀਲ ਦੇਸ਼ਾਂ ਲਈ ਵਿਵਸਾਇਕ ਸਿੱਖਿਆ ਅਤੇ ਸਿਖਲਾਈ' (ਵੀਈਟੀ) ਦੇ ਸੈਸ਼ਨ ਦੀ ਪ੍ਰਧਾਨਗੀ ਕਰਨ ਲਈ ਬੁਲਾਇਆ ਗਿਆ ਸੀ।

ਇਹ ਗਲੋਬਲ ਐਚਆਰ ਫ਼ੋਰਮ ਦਾ ਹੀ ਇਕ ਅੰਗ ਸੀ ਜਿਸ ਵਿੱਚ ੫੦ ਦੇਸ਼ਾਂ ਦੇ ਲਗਭਗ ੧,੨੦੦ ਸਿੱਖਿਆ ਮਾਹਿਰਾਂ ਨੇ ਭਾਗ ਲਿਆ ਸੀ। ਇਸ ਫ਼ੋਰਮ ਵਿੱਚ ਆਮੰਤ੍ਰਿਤ ਇਕਮਾਤਰ ਦੂਸਰੇ ਭਾਰਤੀ ਆਈਆਈਟੀ-ਮਦਰਾਸ ਦੇ ਡਾਇਰੈਕਟਰ ਪ੍ਰੋ. ਅਨੰਤ ਸਨ।

ਗਲੋਬਲ ਫ਼ੋਰਮ ਦਾ ਸ਼ੁਭਾਰੰਭ ਦੱਖਣ ਕੋਰੀਆ ਦੇ ਉਪ ਪ੍ਰਧਾਨ ਮੰਤਰੀ ਨੇ ਕੀਤਾ ਸੀ। ਅੱਜ ਤੋਂ ੫੦ ਸਾਲ ਪਹਿਲਾਂ, ਦੱਖਣ ਕੋਰੀਆ ਦੇ ਲੋਕ ਵੀ ਭਾਰਤੀਆਂ ਵਾਂਗਰ ਹੀ ਗਰੀਬ ਸਨ।

ਦੱਖਣ ਕੋਰੀਆ ਕੱਚੀ ਧਾਤ, ਕੋਲੇ ਜਾਂ ਗੈਸ, ਤੇਲ, ਹੋਰ ਹਾਈਡ੍ਰੋ ਕਾਰਬਨ ਦੇ ਰੂਪ ਵਿੱਚ ਊਰਜਾ ਲਈ ਜਾਪਾਨ ਅਤੇ ਜਰਮਨੀ ਦਾ ਮੂੰਹ ਵੇਖ ਰਿਹਾ ਸੀ। ਫਿਰ ਵੀ, ੨ਜੇ ਵਿਸ਼ਵ ਯੁੱਧ ਦੀ ਮੁਕੰਮਲ ਤਬਾਹੀ ਬਰਬਾਦੀ ਦੇ ਬਾਵਜੂਦ ਦੱਖਣ ਕੋਰੀਆ ਤੇਜ਼ੀ ਨਾਲ ਵਿਕਾਸ ਕਰ ਰਿਹਾ ਸੀ। ਜਦ ਕਿ ਭਾਰਤ ਦੇਸ਼ ਦੇ ਮਾਮਲੇ ਵਿੱਚ ਹਾਲਤ ਐਸੀ ਨਹੀਂ ਸੀ।

ਦੱਖਣ ਕੋਰੀਆ ਨੇ ਇਸ ਸੱਚਾਈ ਨੂੰ ਜਾਣ ਲਿਆ ਸੀ ਕਿ **ਵਿਵਸਾਇਕ ਸਿਖਲਾਈ ਦੁਆਰਾ ਸਿੱਖਿਆ ਅਤੇ ਕੁਸ਼ਲਤਾ** ਨਿਰਮਾਣ ਨਾਲ ਹੀ ਤਰੱਕੀ ਕੀਤੀ ਜਾ ਸਕਦੀ ਹੈ।

ਦੱਖਣ ਕੋਰੀਆ ਨੇ ਉਪ ਪ੍ਰਧਾਨ ਮੰਤਰੀ ਦਾ ਵੀ ਇਕ ਪਦ ਬਣਾਇਆ ਜਿਸ ਦੀ **ਮੁੱਖ ਜ਼ਿੰਮੇਵਾਰੀ**, ਮੇਰਾ ਵਿਸ਼ਵਾਸ ਹੈ, ਮਾਨਵ ਸੰਸਾਧਨ ਵਿਕਾਸ, ਸਿੱਖਿਆ ਅਤੇ ਕੁਸ਼ਲਤਾ ਨਿਰਮਾਣ ਦਾ ਕੰਮ ਸੀ।

ਅੱਜ ੫੦ ਸਾਲ ਬਾਅਦ, ਇਕ ਦੱਖਣ ਕੋਰਿਆਈ ਬੰਦੇ ਦੀ ਆਮਦਨ ਲਗਭਗ ੨੩,੯੨੩ ਅਮਰੀਕੀ ਡਾਲਰ ਪ੍ਰਤੀ ਸਾਲ ਦੀ ਹੈ ਜਦ ਕਿ ਤੁਲਨਾ ਵਿੱਚ ਭਾਰਤੀ ਵਿਅਕਤੀ ਦੀ ਔਸਤ ਆਮਦਨ ਹੈ ੧,੫੩੦ ਅਮਰੀਕੀ ਡਾਲਰ।

**ਕੀ ਇਹ ਸੱਚਾਈ ਸਾਡੇ ਭਾਰਤੀਆਂ ਲਈ ਇਕ ਸੰਦੇਸ਼ ਨਹੀਂ ਹੈ?** ਆਓ! ਅਸੀਂ ਦੂਜੀ ਮਿਸਾਲ ਵੀ ਵੇਖੀਏ, ਜੋ ਵਰਤਮਾਨ ਦੀ ਹੈ।

ਇਕ ਰਾਸ਼ਟਰ ਦੇ ਰੂਪ ਵਿੱਚ ਅਸੀਂ ੨੦੨੨ ਤਕ ਕਿੱਥੇ ਹੋਵਾਂਗੇ? ਜਾਂ ੭੫ਵੇਂ ਸੁਤੰਤਰਤਾ ਦਿਵਸ 'ਤੇ ਜਾਂ **ਭਾਰਤ @ ੭੫** 'ਤੇ ਅਸੀਂ ਕਿੱਥੇ ਹੋਵਾਂਗੇ? ਭਾਰਤੀ ਉਦਯੋਗ ਸੰਘਟਨ ਜਾਂ **ਸੀਆਈਆਈ** ਨੇ ਵਿਸ਼ਵ ਪ੍ਰਸਿੱਧ ਪ੍ਰਬੰਧਨ ਗੁਰੂ **ਪ੍ਰੋ. ਸੀ.ਕੇ. ਪ੍ਰਹਲਾਦ** ਦੇ ਨਾਲ ਮਿਲਕੇ **ਭਾਰਤ @ ੭੫** ਨਾਂਮਕ ਯੋਜਨਾ ਬਣਾਈ ਹੈ। ਸੀਆਈਆਈ ਦੀਆਂ ੭੪ ਰਾਸ਼ਟਰੀ ਕਮੇਟੀਆਂ ਵਿੱਚੋਂ ਇਕ ਕਮੇਟੀ, **ਸਿੱਖਿਆ**, **ਕੁਸ਼ਲਤਾ** ਤੇ **ਐਚਆਰ** ਅਤੇ **ਨੌਜਵਾਨ** ਦੇ ਮੁੱਦੇ 'ਤੇ ਮੁੱਢਲੇ ਰੂਪ ਵਿੱਚ ਕੰਮ ਕਰ ਰਹੀ ਹੈ।

ਪ੍ਰੋ. ਪ੍ਰਹਲਾਦ ਇਸ ਬਾਰੇ ਬੇਹੱਦ ਸਪਸ਼ਟ ਮਤ ਦੇ ਹਨ। ਉਹਨਾਂ ਦੀ ਰਾਏ ਹੈ ਕਿ ਸਿਰਫ਼ **ਲੋਕਾਂ ਦੇ ਸਸ਼ਕਤੀਕਰਨ** ਦੁਆਰਾ ਹੀ, ਖ਼ਾਸ ਤੌਰ 'ਤੇ ਸਿੱਖਿਆ ਅਤੇ ਕੁਸ਼ਲਤਾ ਨਿਰਮਾਣ ਤੇ ਵਿਵਸਾਇਕ ਸਿਖਲਾਈ ਦੇ ਕੇ ਹੀ ਸਨ ੨੦੨੨ ਤਕ ਅਸੀਂ ਇਕ ਰਾਸ਼ਟਰ ਦੇ ਰੂਪ ਵਿੱਚ ਆਪਣੇ ਪ੍ਰਮੁਖ ਲਕਸ਼ਾਂ ਨੂੰ ਪ੍ਰਾਪਤ ਕਰ ਸਕਾਂਗੇ!

ਯੋਜਨਾ ਅਨੁਸਾਰ, ਵੱਖ-ਵੱਖ ਕੁਸ਼ਲਤਾ ਖੇਤਰਾਂ ਵਿੱਚ ਸਨ ੨੦੨੨ ਤਕ ੫੦੦ ਮਿਲੀਅਨ ਕੁਸ਼ਲਤਾ ਪ੍ਰਾਪਤ ਲੋਕ ਅਤੇ ੨੦੦ ਮਿਲੀਅਨ ਵਿਸ਼ਵ ਪੱਧਰ ਦੇ ਗ੍ਰੈਜੂਏਟ ਹੋਣੇ ਹੀ ਚਾਹੀਦੇ ਹਨ।

ਭਾਰਤ ਵਿੱਚ ਸਿੱਖਿਆ, ਅਰਥਵਿਵਸਥਾ, ਚੰਗੇ ਰਾਜ-ਪ੍ਰਬੰਧ ਅਤੇ ਰੋਜ਼ਗਾਰ ਉਤਪੱਤੀ ਬਾਰੇ ਹੋਰ ਵਧੇਰੇ ਜਾਣਕਾਰੀ www.wakeupcall.org 'ਤੇ ਉਪਲਬਦ ਹੈ ਜਾਂ ਫਿਰ, ਸੰਬੰਧਿਤ ਸਿੱਖਿਆ ਅਤੇ ਵਿਵਸਾਇਕ ਸਿਖਲਾਈ ਦੁਆਰਾ ਭਾਰਤੀ ਜਨਤਾ ਦੇ ਸਸ਼ਕਤੀਕਰਨ ਰਾਹੀਂ '**ਭਾਰਤ ਦੀ ਕਾਇਆਕਲਪ**' ਨਾਂਮਕ ਪੁਸਤਕ ਵਿੱਚ ਮਿਲ ਜਾਏਗੀ।

# ਇਸ ਪੁਸਤਕ ਦੇ ਵਿਕਾਸ ਦਾ ਇਤਿਹਾਸ

ਅਸੀਂ ੧੯੯੩ ਵਿੱਚ ੪ ਪੰਨਿਆਂ ਦੀ ਇਕ ਪੁਸਤਿਕਾ ਨਾਲ ਸ਼ੁਰੂਆਤ ਕੀਤੀ ਸੀ।

ਸਨ ੧੯੯੭ ਵਿੱਚ ਇਸ ਦੇ ਪੰਨਿਆਂ ਦੀ ਸੰਖਿਆ ਵਧਾ ਕੇ ੮ ਕੀਤੀ ਗਈ ਅਤੇ ੧੦ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ।

ਸਨ ੧੯੯੯ ਵਿੱਚ ਇਸ ਪੁਸਤਿਕਾ ਨੂੰ ੧੬ ਪੰਨਿਆਂ, ੨੦੦੧ ਵਿੱਚ ੨੪ ਪੰਨਿਆਂ, ੨੦੦੨ ਵਿੱਚ ੨੮ ਪੰਨਿਆਂ, ੨੦੦੬ ਵਿੱਚ ੪੮ ਪੰਨਿਆਂ ਤੇ ਜਨਵਰੀ ੨੦੦੭ ਵਿੱਚ ੫੬ ਪੰਨਿਆਂ ਦੀ ਪੁਸਤਿਕਾ ਕੀਤੀ ਗਈ।

ਜੁਲਾਈ ੨੦੦੮ ਵਿੱਚ ਇਸ ਦੇ ਪੰਨਿਆਂ ਦੀ ਸੰਖਿਆ ਵਧਾ ਕੇ ੮੮ ਕੀਤੀ ਗਈ ਅਤੇ ਜਨਵਰੀ ੨੦੦੯ ਵਿੱਚ ਇਸ ਨੂੰ ੯੨ ਪੰਨਿਆਂ ਤਕ ਵਧਾਇਆ ਗਿਆ। ਤੇ ਅਕਤੂਬਰ ੨੦੦੯ ਵਿੱਚ ੯੬ ਪੰਨਿਆਂ ਦੀ ਪੁਸਤਿਕਾ ਕੀਤੀ ਗਈ।

ਫ਼ਰਵਰੀ ੨੦੧੧ ਵਿੱਚ ਸੰਸਕਰਨ ੧੦੦ ਪੰਨਿਆਂ ਦਾ ਸੀ।

ਫ਼ਰਵਰੀ ੨੦੧੨ ਦਾ ਸੰਸਕਰਨ ਵਧਾ ਕੇ ੧੦੨ ਪੰਨਿਆਂ ਦਾ ਕੀਤਾ ਗਿਆ, ਜਦ ਕਿ ਵਰਤਮਾਨ ਅਪ੍ਰੈਲ ੨੦੧੪ ਦਾ ਸੰਸਕਰਨ ੧੦੪ ਪੰਨਿਆਂ ਦਾ ਹੈ।

'**ਭਾਰਤ ਦੀ ਕਾਇਆਕਲਪ**' ਨਾਂਮਕ ਇਹ ਪੁਸਤਕ ਅੰਗ੍ਰੇਜ਼ੀ ਵਿੱਚ ਉਪਲਬਧ ਹੈ ਅਤੇ ਨਾਲ ਹੀ ੧੨ ਭਾਰਤੀ ਭਾਸ਼ਾਵਾਂ ਜਿਵੇਂ ਅਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕੰਨੜ, ਮਲਿਆਲਮ, ਮਰਾਠੀ, ਉੜੀਆ, ਪੰਜਾਬੀ, ਤਮਿਲ, ਤੇਲੁਗੂ ਅਤੇ ਉਰਦੂ ਵਿੱਚ ਉਪਲਬਧ ਹੈ।

ਸਾਡਾ ਧਿਆਨ ਹਮੇਸ਼ਾ ਇਹਨਾਂ ਚਾਰ ਖੇਤਰਾਂ ਵਿੱਚ ਰਿਹਾ ਹੈ:

੧ **ਰਾਜ–ਪ੍ਰਬੰਧ** ........ *ਭਾਰਤ ੧ਲਾਂ*

੨ **ਸਿੱਖਿਆ ਅਤੇ ਮਾਨਵ ਸੰਸਾਧਨ ਵਿਕਾਸ** ........ *ਸਿੱਖਿਆ ੧ਲਾਂ*

੩ **ਅਰਥਵਿਵਸਥਾ ਅਤੇ ਉੱਦਮਤਾ** ........ *ਅਰਥਚਾਰਾ ੧ਲਾਂ*

੪ **ਰੋਜ਼ਗਾਰ ਉਤਪੱਤੀ** ........ *ਰੋਜ਼ਗਾਰ ੧ਲਾਂ*

*i Watch* ਦੇ ਚਾਰ ਖੰਡ ਹਨ, ਜਿਨ੍ਹਾਂ ਦੇ ਨਾਂ ਹਨ *ਭਾਰਤ ੧ਲਾਂ*, *ਸਿੱਖਿਆ ੧ਲਾਂ*, *ਅਰਥਚਾਰਾ ੧ਲਾਂ* ਅਤੇ *ਰੋਜ਼ਗਾਰ ੧ਲਾਂ* ਪਹਿਲੇ ਤਿੰਨ ਵਿਸ਼ਿਆਂ ਵਿੱਚ ਪ੍ਰਤੀਏਕ ਦਸ, ਬਾਰਾਂ ਅਤੇ ਨੌਂ ਲੇਖ ਹਨ, ਜਦ ਕਿ ਚੌਥੇ ਵਿੱਚ ਸੋਲਾਂ ਲੇਖ ਹਨ। ਕੁੱਲ ਸੰਤਾਲੀ ਟਿੱਪਣੀਆਂ ਅਤੇ ਨਿਰੀਖਣ।

ਪਾਠਕਾਂ ਦੇ ਮਾਰਗਦਰਸ਼ਨ ਲਈ ਹਰ ਪੰਨੇ ਦੇ ਅੰਤ 'ਤੇ, ਪਾਠ ਦੀਆਂ ਉਪਰੋਕਤ ਚਾਰ ਸ਼੍ਰੇਣੀਆਂ ਵਿੱਚੋਂ ਇਕ ਵਿੱਚ ਹਰ ਇਕ ਦਾ ਵਰਗੀਕਰਨ ਕੀਤਾ ਗਿਆ ਹੈ।

ਅਤੇ ਜੋ ਲੇਖ ਉਪਰੋਕਤ ਵਿੱਚੋਂ ਕਿਸੇ ਸ਼੍ਰੇਣੀ ਵਿੱਚ ਨਹੀਂ ਆਉਂਦੇ, ਉਹਨਾਂ ਦਾ ਵਰਗੀਕਰਨ '**ਆਮ**' ਸ਼੍ਰੇਣੀ ਵਿੱਚ ਕੀਤਾ ਗਿਆ ਹੈ।



# ਅਮਰ ਪ੍ਰੇਰਨਾ

## ਨੋਬਲ ਪੁਰਸਕਾਰ ਪ੍ਰਾਪਤ ਕਵੀ - ਰਵਿੰਦਰਨਾਥ ਟੈਗੋਰ

**ਭਾਰਤ ਇਕ ਐਸਾ ਦੇਸ਼ ਬਣ ਸਕਦਾ ਹੈ, ਜਿਸ ਨੂੰ ਠੀਕ ਤਰ੍ਹਾਂ ਨਾਲ ਰਵਿੰਦਰਨਾਥ ਟੈਗੋਰ ਦੇ ਸ਼ਬਦਾਂ ਵਿੱਚ ਹੀ ਵਰਣਿਤ ਕੀਤਾ ਜਾ ਸਕਦਾ ਹੈ।**

*ਜਿੱਥੇ ਕੋਈ ਭੈਅ ਨਾ ਹੋਵੇ ਮਨ ਵਿੱਚ ਅਤੇ ਸੀਸ ਰਹੇ ਉੱਚਾ ਹਮੇਸ਼ਾ;*

*ਜਿੱਥੇ ਗਿਆਨ ਦੀ ਧਾਰਾ ਮੁਕਤ ਵਹੇ ਹਮੇਸ਼ਾ;*

*ਜਿੱਥੇ ਦੁਨੀਆਂ ਨਾ ਵੰਡੀ ਹੋਵੇ ਤੇਰੇ-ਮੇਰੇ ਦੇ ਝਗੜੇ ਵਿੱਚ,*
*ਅਤੇ ਨਾ ਘਿਰੀ ਹੋਵੇ ਸੌਝੀ ਘਰੇਲੂ ਚਾਰਦੀਵਾਰੀ ਵਿੱਚ;*

*ਜਿੱਥੇ ਸ਼ਬਦ ਉਜਾਗਰ ਹੋਣ ਸੱਤ ਦੀ ਗਹਿਰਾਈ 'ਚੋਂ;*

*ਜਿੱਥੇ ਸੰਪੂਰਨਤਾ ਜਨਮ ਲਏ ਅਥਕ ਪ੍ਰਯਤਨਾਂ 'ਚੋਂ;*

*ਜਿੱਥੇ ਬੁੱਧੀ ਨਾਲ ਵੇਖੇ ਸੁਫ਼ਨੇ ਦਮ ਨਾ ਤੋੜਨ*
*ਬੇਜਾਨ ਆਦਤਾਂ ਦੇ ਮਾਰੂਥਲ ਅੰਦਰ;*

*ਜਿੱਥੇ ਮਨ ਹਮੇਸ਼ਾ ਕਰੇ ਕੁਝ ਸੋਚਾਂ, ਕੁਝ ਕਰਾਂ-*

*ਜਿੱਥੇ ਸਵਰਗ ਹੋਵੇ ਮੁਕਤੀ ਦਾ, ਹੇ ਪ੍ਰਭੂ ਐਸੇ ਵਿੱਚ ਜਾਗੇ ਦੇਸ਼ ਮੇਰਾ।*

*ਗੀਤਾਂਜਲੀ, ਪਦ XXXV*

# ਇਕ ਨਾਗਰਿਕ ਦਾ ਉਪਰਾਲਾ

ਇਕ ਨਾਗਰਿਕ, ਆਈਆਈਟੀ ਦੇ ਇੰਜੀਅਰ ਵੱਲੋਂ ਇਹ ਸੰਬੰਧਿਤ ਸਿੱਖਿਆ ਅਤੇ ਵਿਵਸਾਇਕ ਸਿਖਲਾਈ ਦੇ ਮਾਧਿਅਮ ਨਾਲ **ਭਾਰਤ ਦੀ ਕਾਇਆਕਲਪ** ਦੀ ਸ਼ਰੂਆਤ ਅਤੇ ਉਹਨੂੰ ਗਤੀ ਪ੍ਰਦਾਨ ਕਰਨ ਲਈ ਅਤੇ ਮਜ਼ਬੂਤ ਨੀਂਹ ਰੱਖਣ ਦਾ ਇਕ ਉਪਰਾਲਾ ਹੈ।

ਸਾਡੇ ਸਾਰਿਆਂ ਦਾ ਇਹ ਫ਼ਰਜ਼ ਹੈ, ਕੁਝ ਲੋਕ ਇਸ ਨੂੰ ਮਹਿਸੂਸ ਕਰਦੇ ਹਨ ਅਤੇ ਕੁਝ ਲੋਕ ਨਹੀਂ।

ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਕਰਨਾ ਹੈ, ਇਸ ਬਾਰੇ ਸਾਡਾ ਨਜ਼ਰੀਆ ਸਪਸ਼ਟ ਹੋਵੇ।

ਫਿਰ ਸਭ ਕੁਝ ਸੌਖਾ ਹੋ ਜਾਏਗਾ।..........................................................................

ਇਹ ਰਾਜਨੀਤੀ, ਧਰਮ ਅਤੇ ਖੇਤਰਵਾਦ ਦੇ ਬੰਧਨਾਂ ਤੋਂ ਮੁਕਤ ਉਪਰਾਲਾ ਹੈ ਜਿਸ ਦਾ ਲਕਸ਼ ਬਸ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਹੈ, ਅਤੇ ਉਹ ਖ਼ੁਦ ਵੀ ਭਾਰਤੀਆਂ ਦੀਆਂ ਲੁਪਤ ਸ਼ੱਮਤਾਵਾਂ ਨੂੰ ਸਮਝ ਅਤੇ ਪਛਾਣ ਸਕਦੇ ਹਨ; ਸਾਡਾ ਕੰਮ ਹੈ ਲੋਕਾਂ ਨੂੰ ਦੱਸਣਾ ਕਿ ਅਸੀਂ ਕੀ ਗਵਾਇਆ ਹੈ ਅਤੇ ਸਾਡੇ ਇਸ ਕਾਰਜ ਦਾ ਕੀ ਮਹੱਤਵ ਹੈ।

ਸਾਡੀ ਆਮ ਸੋਚ ਤੋਂ ਕਿਤੇ ਵਧੇਰੇ ਵਿਸ਼ਾਲ ਹੈ ਸਾਡਾ ਭਾਰਤ।

**ਇਹ ਕਾਰਜ ਤਾਂ ਬਸ ਬੀਜ ਮਾਤਰ ਹੈ; ਇਸ ਦੇ ਵਿਕਾਸ ਲਈ ਉਹਨਾਂ ਸਭ ਦੇ ਹੱਥਾਂ ਦੀ ਲੋੜ ਹੋਏਗੀ, ਜਿਨ੍ਹਾਂ ਵਿੱਚੋਂ ਇਕ ਹੱਥ ਤੁਹਾਡਾ ਵੀ ਹੈ।**

# ਇਸ ਪੁਸਤਕ ਦਾ ਮਕਸਦ

ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ੧੦੦% ਕਾਰਜਕਾਰੀ ਸਾਖਰਤਾ, ਵਿਵਸਾਇਕ ਸਿੱਖਿਆ ਅਤੇ ਸਿਖਲਾਈ ਦੇ ਰੂਪ ਵਿੱਚ ਸਾਰਥਕ ਸਿੱਖਿਆ ਪ੍ਰਦਾਨ ਕਰਨੀ ਹੈ, ਅਤੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਸੈਕੰਡਰੀ, ਉੱਚਤਰ, ਮੈਡੀਕਲ ਅਤੇ ਤਕਨੀਕੀ ਸਿੱਖਿਆ ਦੇ ਸਭ ਰੂਪਾਂ ਵਿੱਚ ਬਹੁਪੱਖੀ ਵਿਸਤਾਰ ਦੇਣਾ, ਜਿਵੇਂ ਪਹਿਲਾਂ ਕਦੇ ਇਹ ਹੋਇਆ ਕਰਦਾ ਸੀ।

ਭਾਰਤ ਨੂੰ ਜਲਦੀ ਤੋਂ ਜਲਦੀ ਆਪਣੀ ਯੁਵਾਸ਼ਕਤੀ ਨੂੰ ਸਾਰਥਕ ਸਿੱਖਿਆ ਅਤੇ ਸਿਖਲਾਈ ਨਾਲ ਸ਼ਕਤੀਸ਼ਾਲੀ ਬਣਾਉਣਾ ਹੈ।

ਇਕ ਭਾਰਤੀ ਦੀ ਔਸਤ ਉਮਰ **੨੬** ਸਾਲ ਦੀ ਹੈ।

ਸਾਡੀ ਨੰਬਰ ੧ ਪ੍ਰਾਥਮਿਕਤਾ ਹੈ **ਸਿੱਖਿਆ ਅਤੇ ਬਾਲਿਕਾ ਤੇ ਇਸਤਰੀ ਜੀਵਨ ਦਾ ਸਸ਼ਕਤੀਕਰਨ।**

# ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ?

ਪਿਆਰੇ ਪਾਠਕੋ, ਅਸੀਂ ਹੇਠਾਂ ਦਰਸਾਏ ਖੇਤਰਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ:-

## ੧. ਪ੍ਰਕਾਸ਼ਨ

ਇਸ ਪੁਸਤਕ ਤੋਂ ਅਲਾਵਾ, ਸਾਡੇ ਦੂਜੇ **ਪ੍ਰਕਾਸ਼ਨਾਂ ਦੀ ਸੂਚੀ** ਪੰਨਾ ੯੫ 'ਤੇ ਦਿੱਤੀ ਗਈ ਹੈ। ਕਿਰਪਾ ਕਰਕੇ ਨੋਟ ਕਰੋ ਕਿ ੧੦੪ ਪੰਨਿਆਂ ਦੀ ਇਹ ਪੁਸਤਕ **੧੨ ਭਾਰਤੀ ਭਾਸ਼ਾਵਾਂ** ਵਿੱਚ ਵੀ ਉਪਲਬਧ ਹੈ ਜਿਵੇਂ ਕਿ ਹਿੰਦੀ, ਉਰਦੂ, ਪੰਜਾਬੀ, ਅਸਾਮੀ, ਬੰਗਾਲੀ, ਉੜੀਆ, ਗੁਜਰਾਤੀ, ਮਰਾਠੀ, ਤਮਿਲ, ਤੇਲੁਗੂ, ਕੰਨੜ ਅਤੇ ਮਲਿਆਲਮ। ਕੇਵਲ ੭% ਭਾਰਤੀ ਜਨਤਾ ਹੀ ਅੰਗ੍ਰੇਜ਼ੀ ਸਮਝ ਸਕਦੀ ਹੈ।

## ੨. ਅੰਤਰਕਰਮੀ ਵਰਕਸ਼ਾਪਾਂ

ਅਸੀਂ ਅੱਗੇ ਦਰਸਾਏ ਵਿਸ਼ਿਆਂ 'ਤੇ ਅੰਤਰਕਰਮੀ ਵਰਕਸ਼ਾਪਾਂ ਦਾ ਕੰਮ ਕਰਦੇ ਹਾਂ ਜਿਨ੍ਹਾਂ ਦਾ ਵੇਰਵਾ ਪੰਨਾ ੯੧ 'ਤੇ ਦਿੱਤਾ ਗਿਆ ਹੈ। 'ਭਾਰਤ ਲਈ ਸੰਬੰਧਿਤ **ਨਿਰਮਾਣ ਦੀ ਨੀਤੀ**', 'ਭਾਰਤ ਲਈ ਸੰਬੰਧਿਤ **ਸਿੱਖਿਆ ਨੀਤੀ**', '**ਵਿਸ਼ਵੀਕਰਨ** ਅਤੇ ਭਾਰਤ ਕਿਸ ਤਰ੍ਹਾਂ + ੧੦% ਪ੍ਰਤੀ ਵਰਸ਼ ਦੀ ਦਰ ਨਾਲ ਵਾਧਾ ਕਰ ਸਕਦਾ ਹੈ', '**ਚੰਗਾ ਰਾਜ-ਪ੍ਰਬੰਧ** ਅਤੇ ਇਹ ਕਿਸ ਪ੍ਰਕਾਰ ਨਾਗਰਿਕਾਂ ਨੂੰ ਲਾਭ ਪਹੁੰਚਾਉਂਦਾ ਹੈ', 'ਪ੍ਰਤੀ ਵਰਸ਼ ੧੦ ਮਿਲੀਅਨ **ਨਵੇਂ ਰੋਜ਼ਗਾਰਾਂ ਦਾ ਅਵਸਰ ਪੈਦਾ ਕਰਨਾ**', 'ਕਾਲਜ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੈਸਾ ਕਿਵੇਂ ਬਣਾਇਆ ਜਾਏ, ਸਿੱਖਿਆ ਦੇ ਮਾਧਿਅਮ ਨਾਲ **ਭਾਰਤ ਦੀ ਕਾਇਆਕਲਪ**।'

## ੩. ਅਧਿਆਪਕਾਂ, ਮਾਪਿਆਂ ਅਤੇ ਯੁਵਕਾਂ ਦੀ ਸੋਚ ਬਦਲਣੀ

ਅਧਿਕ ਜਾਣਕਾਰੀ ਪਾਉਣ ਲਈ ਪੰਨਾ ੯੭ 'ਤੇ ਦਿੱਤੇ ਗਏ ਪ੍ਰੋਜੈਕਟ ੧ ਅਤੇ ੨ ਵੇਖਣ ਦੀ ਕਿਰਪਾ ਕਰੋ। ਇੱਥੇ ਪ੍ਰੋਜੈਕਟਾਂ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਉਹਨਾਂ ਦੇ ਸਕਾਰਾਤਮਕ ਪ੍ਰਭਾਵਾਂ ਦੀ ਵੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

## ੪. ਸੰਬੰਧਿਤ ਆਂਕੜੇ ਉਪਲਬਧ ਕਰਾਉਣੇ

ਕਿਰਪਾ ਕਰਕੇ ਸਾਡੀ ਵੇਬਸਾਈਟ www.wakeupcall.org ਵੇਖੋ। ਸਾਡੇ ਸਾਰੇ ਪ੍ਰਕਾਸ਼ਨਾਂ ਦੀ ਜਾਣਕਾਰੀ ਮਦ ੧ ਅਧੀਨ ਦਿੱਤੀ ਗਈ ਹੈ, ਸੰਦਰਭਾਂ ਬਾਰੇ ਵਿਸਤ੍ਰਿਤ ਜਾਣਕਾਰੀ ਪੰਨਾ ੯੨ 'ਤੇ ਹੈ ਅਤੇ ਤੁਸੀਂ ਵੇਖੋਗੇ ਕਿ ਅਸੀਂ ਢੇਰ ਸਾਰੀ ਸਮਝਣ ਲਈ ਸੌਖੀ ਭਾਸ਼ਾ ਵਿੱਚ ਉਪਲਬਧ ਕਰਾਈ ਹੈ। ਸਭ ਆਂਕੜਿਆਂ ਨੂੰ ਸਾਲ ਵਿੱਚ ਇਕ ਵਾਰੀ ਯਥਾਸੰਭਵ ਅਪਡੇਟ ਕੀਤਾ ਜਾਂਦਾ ਹੈ।

## ੫. ਵਿਵਸਾਇਕ ਸਿੱਖਿਆ ਅਤੇ ਸਿਖਲਾਈ ਕੇਂਦਰ ਸਥਾਪਿਤ ਕਰਨੇ

ਅਸੀਂ ਭਾਰਤ ਦੇ ਕੁਝ ਵੱਡੇ ਸੰਗਠਨਾਂ ਨਾਲ ਕੰਮ ਕਰਦੇ ਹੋਇਆਂ ਪ੍ਰਤੀ ਵਰਸ਼ ਸਮਿੱਲਿਤ ਰੂਪ ਵਿੱਚ ਅਨੇਕਾਂ ਲੋਕਾਂ ਨੂੰ ਟ੍ਰੇਂਡ ਕਰਦੇ ਹਾਂ। ਅਸੀਂ ਉਹਨਾਂ ਦੇ **ਨਾਲਜ ਪਾਰਟਨਰ ਹਾਂ**। ਤਕਨਾਲੋਜੀ ਦੀ ਵਰਤੋਂ, ਵਾਸਤਵਿਕ ਸਿਖਲਾਈ ਕੇਂਦਰਾਂ ਦੀ ਵਰਤੋਂ ਕਰਕੇ, ਹਰੇਕ ਸਥਾਨਕ ਕੇਂਦਰ ਵਿੱਚ ਐਸੇ ਸਿਖਲਾਈ ਕੇਂਦਰਾਂ ਨੂੰ ਬਿਜ਼ਨਸ ਅਤੇ ਉਦਯੋਗ ਨਾਲ ਏਕੀਕ੍ਰਿਤ ਕਰਦੇ ਹੋਇਆਂ, ਵਾਸਤਵਿਕ ਸਿਖਲਾਈ ਲਈ ਟ੍ਰੇਂਡ ਟ੍ਰੇਨਰ ਅਤੇ ਤਜਰਬੇਕਾਰ ਸਲਾਹਕਾਰ ਪ੍ਰਦਾਨ ਕਰਕੇ, ਪ੍ਰੀਖਿਆ ਅਤੇ ਪ੍ਰਮਾਣੀਕਰਨ, ਸਿਖਲਾਈ ਤੋਂ ਪਹਿਲਾਂ ਕਾਉਂਸਲਿੰਗ ਪ੍ਰਦਾਨ ਕਰਦੇ ਹੋਇਆਂ ਅਤੇ ਸਿਖਲਾਈ ਤੋਂ ਬਾਅਦ ਨੌਕਰੀ ਦਿਵਾ ਕੇ ਅਸੀਂ ਭਾਰਤ ਦੇ ਵੱਖ-ਵੱਖ ਭੂਗੋਲਕ ਖੇਤਰਾਂ ਅਤੇ ਜ਼ਿਲਿਆਂ ਦੇ ਯੁਵਕਾਂ ਵਿੱਚ ਕਦਰ-ਕੀਮਤ ਭਰਦੇ ਹਾਂ। ਇਸ ਸਮੇਂ ਅਸੀਂ ਖੇਤੀਬਾੜੀ, ਉਤਪਾਦਨ, ਸੇਵਾਵਾਂ ਦੇ ਖੇਤਰ ਵਿੱਚ ਵੀਈਟੀ ਕੋਰਸਾਂ 'ਤੇ ਧਿਆਨ ਫ਼ੋਕਸ ਕਰ ਰਹੇ ਹਾਂ ਅਤੇ ਭਾਰਤ ਦੇ ਸਭ ਹਿੱਸਿਆਂ ਵਿੱਚ ਕੇਂਦਰ ਸਥਾਪਿਤ ਕਰ ਰਹੇ ਹਾਂ। ਵਿਸਤ੍ਰਿਤ ਜਾਣਕਾਰੀ ਦਰਖ਼ਾਸਤ ਕਰਨ 'ਤੇ ਉਪਲਬਧ ਹੈ।

# *i Watch* ਦੇ ਧਿਆਨਾਕਰਸ਼ਣ ਖੇਤਰ

## ਸਿੱਖਿਆ

### ਅਸੀਂ ਇਸ ਮੁੱਦੇ 'ਤੇ ਕੰਮ ਇਸ ਲਈ ਕੀਤਾ ਕਿਉਂਕਿ...

੧. ੮੭% ਤੋਂ ੯੩% ਬੱਚੇ ਕਿੰਡਰਗਾਰਟਨ ਤੋਂ ੧੦+੨ ਵਿਚਕਾਰ ਪੜ੍ਹਾਈ ਨੂੰ ਛੱਡ ਦੇਂਦੇ ਹਨ, ਇਹਨਾਂ ਵਿੱਚ ਕਦੇ ਸਕੂਲ ਨਾ ਜਾਣ ਵਾਲੇ ਬੱਚੇ ਵੀ ਸ਼ਾਮਿਲ ਹਨ

੨. ਉੱਚ, ਮੈਡੀਕਲ ਅਤੇ ਤਕਨੀਕੀ ਸਿੱਖਿਆ ਵਿੱਚ 'ਲਾਇਸੰਸ ਰਾਜ' ਅਤੇ ਨਿਯੰਤਰਨ ਵਿੱਚ ਵਾਧੇ ਨੇ ਖੋਜ ਅਤੇ ਵਿਕਾਸ, ਗੁਣਵੱਤਾ ਅਤੇ ਸ਼ੱਮਤਾ ਵਿੱਚ ਰੁਕਾਵਟ ਪਾਈ ਹੈ।

੩. ਭਾਰਤ ਵਿੱਚ ਕਾਫ਼ੀ ਸੀਟਾਂ ਅਤੇ ਗੁਣਵੱਤਾ ਪੂਰਨ ਸਿੱਖਿਆ ਨਾ ਹੋਣ ਕਾਰਨ ਭਾਰਤੀ ਵਿਦਿਆਰਥੀਆਂ ਦੇ ਉੱਚ ਸਿੱਖਿਆ ਲਈ ਵਿਦੇਸ਼ ਚਲੇ ਜਾਣ ਨਾਲ ਹਰ ਸਾਲ ਲਗਭਗ ਰੁ. ੫੦,੦੦੦ ਕਰੋੜ ਜਾਂ ੧੦–੧੨ ਬਿਲੀਅਨ ਅਮਰੀਕੀ ਡਾਲਰ ਵਿਦੇਸ਼ੀਂ ਚਲੇ ਜਾਂਦੇ ਹਨ। ਇਸ ਰਕਮ ਨਾਲ ਹਰ ਸਾਲ ੫੦ ਆਈਆਈਐਮ ਅਤੇ ੩੦ ਆਈਆਈਟੀ ਬਣ ਸਕਦੇ ਹਨ। ਅਨੁਮਾਨ ਹੈ ਕਿ ਹਰ ਸਾਲ ਲਗਭਗ ੧੫੩,੦੦੦ ਵਿਦਿਆਰਥੀ ਸਿੱਖਿਆ ਲਈ ਵਿਦੇਸ਼ਾਂ ਵਿੱਚ ਚਲੇ ਜਾਂਦੇ ਹਨ। ੫੦% ਦੋ ਸਾਲਾ ਮਾਸਟਰ ਕੋਰਸ ਚੁਣਦੇ ਹਨ ਜਦ ਕਿ ੫੦% ਚਾਰ ਸਾਲਾ ਅੰਡਰ ਗ੍ਰੈਜੁਏਟ ਕੋਰਸ ਅਪਣਾਉਂਦੇ ਹਨ।

੪. ਕਾਰਜਕਾਰੀ ਸਾਖਰਤਾ ਦੇ ਲਗਭਗ ੩੩% ਹੋਣ ਦਾ ਅਨੁਮਾਨ ਹੈ, ਜਦ ਕਿ ਸਰਕਾਰੀ ਆਂਕੜਾ ਲਗਭਗ ੬੭% ਹੈ, ਦੂਜੇ ਪਾਸੇ ਚੀਨ ੯੩% ਦੇ ਆਸਪਾਸ ਹੈ।

੫. ਕੁਸ਼ਲਤਾ ਅਤੇ ਪ੍ਰਤੀਭਾਵਾਂ ਦਾ ਨਾਕਾਫ਼ੀ ਵਿਕਾਸ। ਸੰਗਠਿਤ ਖੇਤਰ ਵਿੱਚ ਕਿਸੇ ਵੀ ਵੇਲੇ ਮੁਸ਼ਕਿਲ ਨਾਲ ੦.੫% ਮਿਹਨਤ–ਸ਼ਕਤੀ ਟ੍ਰੇਂਡ ਹੁੰਦੀ ਹੈ, ਇਸ ਦੇ ਵਿਪਰੀਤ ਲੋੜੀਂਦਾ ਪ੍ਰਤੀਸ਼ਤ ੭% ਤੋਂ ੧੦% ਹੈ, ਜੋ ਕਿ ਚੀਨ ਅਤੇ ਦੂਜੇ ਵਿਕਸਿਤ ਦੇਸ਼ਾਂ ਵਿੱਚ ਹੈ।

੬. ਭਾਰਤ ਵਿੱਚ ੨੭,੦੦੦ ਵਿਦੇਸ਼ੀ ਵਿਦਿਆਰਥੀ ਆਉਂਦੇ ਹਨ, ਜਦ ਕਿ ਆਸਟ੍ਰੇਲੀਆ ਵਿੱਚ ੪੦੦,੦੦੦ ਵਿਦੇਸ਼ੀ ਵਿਦਿਆਰਥੀ ਜਾਂਦੇ ਹਨ।

੭. ਭਾਰਤ ਵਿੱਚ ੧.੭ ਮਿਲੀਅਨ ਸਕੂਲ ਹਨ, ਜਦਕਿ ਚੀਨ ਵਿੱਚ ੨.੫ ਮਿਲੀਅਨ ਸਕੂਲ ਹਨ।

੮. ਭਾਰਤ ਵਿੱਚ ੫੯੩ ਯੂਨੀਵਰਸਿਟੀਆਂ ਹਨ, ਜਦਕਿ ਚੀਨ ਵਿੱਚ ੧੭੦੦ ਹਨ।

੯. ਪ੍ਰੀ–ਪ੍ਰਾਇਮਰੀ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ ਜਦ ਕਿ ਇਨਸਾਨੀ ਦਿਮਾਗ ਦੇ ੯੦% ਦਾ ਵਿਕਾਸ ੧ ਤੋਂ ੬ ਸਾਲ ਦੀ ਉਮਰ ਵਿੱਚ ਹੀ ਹੋ ਜਾਂਦਾ ਹੈ।

## ਰਾਜ–ਪ੍ਰਬੰਧ

### ਅਸੀਂ ਇਸ ਮੁੱਦੇ 'ਤੇ ਕੰਮ ਇਸ ਲਈ ਕੀਤਾ ਕਿਉਂਕਿ...

੧. ਭਾਰਤ ਦੇ ੩੫ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਦੇਸ਼ ਨੂੰ ਚਲਾਉਣ ਲਈ ਰੋਜ਼ਾਨਾ ਰੁ. ੩,੬੦੦ ਕਰੋੜ ਜਾਂ ੦.੭੨ ਬਿਲੀਅਨ ਅਮਰੀਕੀ ਡਾਲਰ ਖ਼ਰਚ ਕੀਤੇ ਜਾਂਦੇ ਹਨ। ਕੀ ਜਨਤਾ ਇਸ ਨਾਲ ਖ਼ੁਸ਼ ਹੈ।

੨. ਭਾਰਤ ਵਿੱਚ ਐਫ਼ਡੀਆਈ ਸਟਾਕ ਮੁਸ਼ਕਿਲ ਨਾਲ ੧੨੧ ਬਿਲੀਅਨ ਅਮਰੀਕੀ ਡਾਲਰ ਰਿਹਾ ਹੈ ਜਦਕਿ ਚੀਨ + ਹਾਂਗਕਾਂਗ ਲਈ ਇਹ ੧੧੨੦ ਬਿਲੀਅਨ ਅਮਰੀਕੀ ਡਾਲਰ ਹੈ।

੩. ਭਾਰਤ ਵਿੱਚ ਹਰ ਸਾਲ ਕੇਵਲ ੬ ਮਿਲੀਅਨ ਸੈਲਾਨੀ ਆਉਂਦੇ ਹਨ, ਜਦਕਿ ਚੀਨ ਵਿੱਚ ਹਰ ਸਾਲ ੮੦ ਮਿਲੀਅਨ ਸੈਲਾਨੀ ਜਾਂਦੇ ਹਨ।

੪. ਵਿਸ਼ਵੀ ਵਪਾਰ ਵਿੱਚ ਸਾਡੀ ਹਿੱਸੇਦਾਰੀ ਲਗਭਗ ੨.੨% ਹੈ, ਜਦਕਿ ਚੀਨ ਦੀ ੮.੦% ਹੈ।

੫. ਭਾਰਤ ਦਾ ਪ੍ਰਤੀ ਏਕੜ ਖੇਤੀਬਾੜੀ ਉਤਪਾਦਨ ਚੀਨ ਦੀ ਤੁਲਨਾ ਵਿੱਚ ਸਿਰਫ਼ ੪੦% ਹੈ।

੬. ਇੱਥੇ ਔਸਤ ਜੀਵਨ ਕਾਲ ੬੭ ਸਾਲ ਹੈ, ਜਦਕਿ ਚੀਨ ਵਿੱਚ ੭੪ ਸਾਲ ਹੈ।

੭. ਭਾਰਤ ਵਿੱਚ ਬਿਜਲੀ ਬੋਰਡਾਂ ਨੂੰ ਟ੍ਰਾਂਸਮਿਸ਼ਨ ਅਤੇ ਹੋਰ ਹਾਨੀਆਂ ਤੋਂ ੨੫%–੫੦% ਦਾ ਨੁਕਸਾਨ ਹੁੰਦਾ ਹੈ, ਜਦਕਿ ਚੀਨ ਵਿੱਚ ਇਹ ੬%–੮% ਹੁੰਦਾ ਹੈ।

੮. ਭਾਰਤ ਦੀ ਵਿਦੇਸ਼ੀ ਮੁਦਰਾ ਰਾਖਵੀਂ ਰਕਮ ਲਗਭਗ ੨੯੫ ਬਿਲੀਅਨ ਅਮਰੀਕੀ ਡਾਲਰ ਹੈ ਜਦਕਿ ਚੀਨ ਦੀ ੨੧੯੯ ਬਿਲੀਅਨ ਅਮਰੀਕੀ ਡਾਲਰ ਹੈ।

੯. ਭਾਰਤ ਵਿੱਚ ਐਚਆਈਵੀ/ਏਡਸ ਨੇ ਲਗਭਗ ੫ ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ, ਜਦਕਿ ਚੀਨ ਵਿੱਚ ਇਹ ਸੰਖਿਆ ੦.੮੫ ਮਿਲੀਅਨ ਹੈ।

੧੦. ਭਾਰਤ ਵਿੱਚ ਖ਼ਰਾਬ ਫ਼ਾਰਮ ਪ੍ਰਬੰਧ ਕਾਰਨ ਫਲਾਂ ਅਤੇ ਸਬਜ਼ੀਆਂ ਦਾ ਲਗਭਗ ੪੦% ਖ਼ਰਾਬ ਜਾਂ ਨਸ਼ਟ ਹੋ ਜਾਂਦਾ ਹੈ।

੧੧. ਭਾਰਤ ਵਿੱਚ ਕਾਫ਼ੀ ਵਰਖਾ ਪੈਂਦੀ ਹੈ, ਪਰ ਘਟੀਆ ਦਰਜੇ ਦੇ ਜਲ ਪ੍ਰਬੰਧਨ ਕਰਕੇ ਸਾਨੂੰ ਹੜ੍ਹਾਂ ਜਾਂ ਸੋਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਅਰਥਵਿਵਸਥਾ

### ਅਸੀਂ ਇਸ ਮੁੱਦੇ 'ਤੇ ਕੰਮ ਇਸ ਲਈ ਕੀਤਾ ਕਿਉਂਕਿ...

੧. ਮਿਹਨਤ–ਮਜ਼ਦੂਰੀ ਕਾਨੂੰਨ ਭਾਰਤੀ ਸੰਗਠਨਾਂ ਨੂੰ ਵਰਤਮਾਨ ਵਿਸ਼ਵ ਅਰਥਵਿਵਸਥਾ ਵਿੱਚ ਸਮਾਨ ਸਤੱਰ 'ਤੇ ਅੱਗੇ ਵਧਣ ਦਾ ਮੌਕਾ ਨਹੀਂ ਦੇਂਦੇ ਹਨ।

੨. ਰੋਜ਼ਗਾਰ ਉਤਪੱਤੀ ਨੂੰ ਇਸ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਅਸੀਂ ਮਿਹਨਤ–ਮਜ਼ਦੂਰੀ ਨੂੰ ਪ੍ਰੋਤਸਾਹਨ ਦੇਣ ਦੀ ਬਜਾਏ ਪੂੰਜੀ ਨੂੰ ਪ੍ਰੋਤਸਾਹਨ ਦੇਣ ਵਾਲੇ ਕੰਮ–ਧੰਦਿਆਂ ਦੇ ਮੂੰਹ ਵੱਲ ਵੇਖਦੇ ਹਾਂ।

<੧ ਬਿਲੀਅਨ = ੧੦੦੦ ਮਿਲੀਅਨ> <੧ ਮਿਲੀਅਨ = ੧੦ ਲੱਖ> <੧ ਕਰੋੜ = ੧੦੦ ਲੱਖ = ੧੦ ਮਿਲੀਅਨ> <੧ ਅਮਰੀਕੀ ਡਾਲਰ = ਰੁ. ੬੦ (ਲਗਭਗ)>

੩. ਭਾਰਤ ਕੋਲ ਵਿਸ਼ਵ ਜੀਡੀਪੀ ਦਾ ਕੇਵਲ ੨.੬% ਹੈ। ਖਰੀਦਣ ਦੀ ਸ਼ਕਤੀ ਘੱਟ ਹੈ। ਪਰ ੧੭% ਦੀ ਉੱਚੀ ਆਬਾਦੀ ਕਾਰਨ ਮੰਗ ਵਧੇਰੇ ਹੈ। ਇਸ ਦਾ ਜਵਾਬ ਹੈ ਨਿਰਯਾਤ। ੬੬ ਸਾਲਾਂ ਵਿੱਚ ਇਸ 'ਤੇ ਜ਼ੋਰ ਨਹੀਂ ਦਿੱਤਾ ਗਿਆ ਹੈ। ਐਸਈਜ਼ੈਡ ਦਾ ਤੇਜ਼ੀ ਨਾਲ ਵਿਕਾਸ ਕੀਤਾ ਜਾਣਾ ਜ਼ਰੂਰੀ ਹੈ।

੪. ਸਾਡਾ ਬੁਨਿਆਦੀ ਢਾਂਚਾ ੧,੨੧੦ ਮਿਲੀਅਨ ਦੀ ਆਬਾਦੀ ਲਈ ਬਿਲਕੁਲ ਨਾਕਾਫ਼ੀ ਹੈ। ਗੱਲਾਂ ਤਾਂ ਬਹੁਤ ਹੁੰਦੀਆਂ ਹਨ, ਪਰ ਅਮਲ ਦੇ ਨਾਂ 'ਤੇ ਕੰਮ ਕੁਝ ਨਹੀਂ ਹੁੰਦਾ।

੫. ਭਾਰਤ ਨੂੰ ਆਪਣੇ ਵਿਸ਼ਵ ਵਪਾਰ ਲਈ ਖ਼ਰੀਦ ਸ਼ਕਤੀ ਸਮਾਨਤਾ ਯਾਨੀ ਪਰਚੇਜ਼ਿੰਗ ਪਾਵਰ ਪੈਰਿਟੀ (ਪੀਪੀਪੀ) ਦਾ ਲਾਭ ਉਠਾਉਣ ਦੀ ਲੋੜ ਹੈ।

੬. ਸੂਚਨਾ ਤਕਨਾਲੋਜੀ ਅਤੇ ਸਾਫ਼ਟਵੇਅਰ ਭਾਰਤੀ ਅਰਥਵਿਵਸਥਾ ਦਾ ਕੇਵਲ ੫% ਅਤੇ ਵਿਸ਼ਵ ਅਰਥਵਿਵਸਥਾ ਦਾ ੩% ਭਾਗ ਹੈ। ਭਾਰਤ ਨੂੰ ਵਿਸ਼ਵ ਅਰਥਵਿਵਸਥਾ ਦੇ ਬਾਕੀ ੯੭% 'ਤੇ ਧਿਆਨ ਦੇਣ ਦੀ ਲੋੜ ਹੈ।

੭. ਮਧਿਅਮ ਅਤੇ ਛੋਟੇ ਮਧਿਅਮ ਉਦਯੋਗ ਦੇ ਫ਼ਾਇਦੇ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਗਿਆ ਹੈ। ਇਸ ਦੀ ਮੌਜੂਦਾ ਵਿਆਖਿਆ ਵਿਸ਼ਵ ਪੱਧਰਾਂ ਅਨੁਸਾਰ ਨਹੀਂ ਹੈ, ਜਿਵੇਂ ਕਿ ਈਯੂ, ਯੂਐਸਏ, ਜਾਪਾਨ, ਚੀਨ ਆਦਿ ਦੇਸ਼ਾਂ ਵਿੱਚ ਹੈ। ਇਹ ਭਾਰਤੀ ਬਿਜ਼ਨਸ ਲਈ ਇਕ ਵੱਡੇ ਨੁਕਸਾਨ ਦੀ ਗੱਲ ਹੈ ਕਿਉਂਕਿ ਦੁਨੀਆਂ ਵਿੱਚ ੯੯.੭% ਸੰਗਠਨ ਛੋਟੇ ਮਧਿਅਮ ਉਦਯੋਗ ਵਿੱਚ ਆਉਂਦੇ ਹਨ। ਛੋਟੇ ਉਦਯੋਗ ਭਾਰਤ ਦੀ ਜੀਡੀਪੀ ਦਾ ਕੇਵਲ ੫% ਹਨ, ਜਦਕਿ ਛੋਟੇ ਮਧਿਅਮ ਉਦਯੋਗ ੭੦% ਤੋਂ ੮੦% ਦੇ ਆਸਪਾਸ ਹੋਣੇ ਚਾਹੀਦੇ ਹਨ। ਉਦਯੋਗ ਮੰਤਰਾਲੇ ਨੂੰ ਉਦਯੋਗ ਦੇ ਥਾਂ ਅਰਥਵਿਵਸਥਾ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਰੋਜ਼ਗਾਰ ਪੈਦਾ ਕਰਨੇ

**ਅਸੀਂ ਇਸ ਮੁੱਦੇ 'ਤੇ ਕੰਮ ਇਸ ਲਈ ਕੀਤਾ ਕਿਉਂਕਿ...**

੧. ਭਾਰਤ ਵਿੱਚ ੪੩ ਮਿਲੀਅਨ ਰਜਿਸਟਰਡ ਬੇਰੋਜ਼ਗਾਰ ਹਨ ਅਤੇ ਸ਼ਾਇਦ ੧੮ ਤੋਂ ੫੦ ਸਾਲ ਦੀ ਉਮਰ ਦੇ ੨੬੦ ਮਿਲੀਅਨ ਲੋਕ ਐਸੇ ਹਨ ਜੋ ਕਾਬਲੀਅਤ ਤੋਂ ਹੇਠਲੇ ਪੱਧਰ 'ਤੇ ਰੋਜ਼ਗਾਰ ਵਿੱਚ ਹਨ ਜਾਂ ਫਿਰ ਬੇਰੋਜ਼ਗਾਰ ਹਨ ਤੇ ਰਜਿਸਟਰਡ ਵੀ ਨਹੀਂ ਹਨ।

੨. ਅੱਜ ਇਕ ਭਾਰਤੀ ਦੀ ਔਸਤ ਉਮਰ ੨੬ ਸਾਲ ਹੈ, ਜਦਕਿ ਚੀਨੀ ਵਿਅਕਤੀ ਦੀ ੩੪ ਸਾਲ ਹੈ ਅਤੇ ਯੂਰਪੀਨ, ਅਮਰੀਕੀ ਜਾਂ ਜਾਪਾਨੀ ਦੀ ੪੦ ਤੋਂ ੪੫ ਸਾਲ ਦੇ ਵਿਚਕਾਰ ਹੈ। ਭਾਰਤ ਇਕ ਬਹੁਤ ਹੀ ਨੌਜਵਾਨ ਰਾਸ਼ਟਰ ਹੈ। ਸਾਨੂੰ ਆਪਣੇ ਲੋਕਾਂ ਦੀ ਕੁਸ਼ਲਤਾ ਨੂੰ ਸਵਾਰਨ ਦੀ ਲੋੜ ਹੈ, ਤਾਂਕਿ ਅਸੀਂ ਏਨੇ ਸਾਰੇ 'ਨੌਜਵਾਨ ਭਾਰਤੀਆਂ' ਦਾ ਲਾਭ ਉਠਾ ਸਕੀਏ!

੩. ਚੀਨ ਆਪਣੇ ਜੀਡੀਪੀ ਦਾ ਲਗਭਗ ੨.੫% ਵਿਵਸਾਇਕ ਸਿੱਖਿਆ ਅਤੇ ਸਿਖਲਾਈ (ਵੀਈਟੀ) ਵਿੱਚ ੫੦੦,੦੦੦ ਵੀਈਟੀ ਕੇਂਦਰਾਂ ਵਿੱਚ ਖ਼ਰਚ ਕਰਦਾ ਹੈ, ਜਿਨ੍ਹਾਂ ਵਿੱਚ ਲਗਭਗ ੩੦੦੦ ਵਿਵਸਾਇਕ ਕੋਰਸ ਸ਼ਾਮਿਲ ਹਨ। ਭਾਰਤ ਆਪਣੀ ਜੀਡੀਪੀ ਦਾ ਮੁਸ਼ਕਿਲ ਨਾਲ ੦.੧% ਵੀਈਟੀ ਵਿੱਚ ੯੫੦੦ ਵੀਈਟੀ ਕੇਂਦਰਾਂ ਵਿੱਚ ਖ਼ਰਚ ਕਰਦਾ ਹੈ, ਜਿਨ੍ਹਾਂ ਵਿੱਚ ੪੦੦ ਵਿਵਸਾਇਕ ਕੋਰਸ ਹੀ ਹਨ। ਵੀਈਟੀ ਵਿੱਚ ਵਾਸਤਵਿਕ ਖ਼ਰਚੇ ਜ਼ਿਆਦਾ ਹਨ, ਪਰ ਉਹਨਾਂ ਦੇ ਆਂਕੜੇ ਉਪਲਬਧ ਨਹੀਂ ਹਨ।

੪. ਆਮ ਵਿੱਦਿਆ ਅਤੇ ਗਿਆਨ ਸੁਧਾਰ (ਬਿਹਤਰੀ) ਤੋਂ ਭਿੰਨ, ਵਿਵਸਾਇਕ ਸਿੱਖਿਆ ਸਿੱਧਾ ਰੋਜ਼ਗਾਰ ਅਤੇ ਧਨ ਪੈਦਾ ਕਰਨ ਨਾਲ ਜੁੜੇ ਹੋਏ ਹਨ। ਵੀਈਟੀ ਦਾ ਲਾਭ ਆਮ ਆਦਮੀ, ਕੁਸ਼ਲ ਅਤੇ ਟ੍ਰੇਂਡ ਮਿਹਨਤ-ਮਜ਼ਦੂਰੀ ਦੀ ਵਰਤੋਂ ਕਰਨ ਵਾਲੇ ਸੰਗਠਨਾਂ ਅਤੇ ਵਿਸ਼ਵ ਪੱਧਰ 'ਤੇ ਪ੍ਰਤੀਯੋਗਤਾ ਦੇ ਰੂਪ ਵਿੱਚ ਰਾਸ਼ਟਰ ਨੂੰ ਤਦੇ ਪਹੁੰਚੇਗਾ, ਜਦ ਸਾਡੇ ੮੦% ਨੌਜਵਾਨ ੧੫ ਸਾਲ ਦੀ ਉਮਰ ਤੋਂ ਬਾਅਦ ਕਾਲਜ ਦੀ ਆਮ ਪੜ੍ਹਾਈ ਯਾਨੀ ਬੀ.ਏ., ਬੀ.ਐਸ.ਸੀ. ਜਾਂ ਬੀ.ਕਾਮ ਕਰਨ ਦੇ ਥਾਂ ਵੀਈਟੀ ਵੱਲ ਕਦਮ ਵਧਾਉਣਗੇ।

੫. ਵਿਸ਼ਵ ਬਾਜ਼ਾਰਾਂ ਨੂੰ ਕੁਸ਼ਲ ਨੌਜਵਾਨ ਮਿਹਨਤ-ਮਜ਼ਦੂਰੀ ਸ਼ਕਤੀ ਦਿਵਾਉਣ ਲਈ ਭਾਰਤ ਨੂੰ ਵੀਈਟੀ ਦੀ ਵਰਤੋਂ ਕਰਦੇ ਹੋਇਆਂ ਆਬਾਦੀ ਦਾ ਲਾਭ ਉਠਾਉਂਦੇ ਹੋਇਆਂ ਭਵਿੱਖ ਵਿੱਚ ਆਪਣੀ ਭਾਗੀਦਾਰੀ ਵਧਾਉਣੀ ਹੋਏਗੀ।

੬. ੪੯੦ ਮਿਲੀਅਨ ਦੀ ਮੌਜੂਦਾ ਮਿਹਨਤ-ਮਜ਼ਦੂਰੀ ਸ਼ਕਤੀ ਨੂੰ ਇਸ ਪ੍ਰਕਾਰ ਵੰਡਿਆ ਜਾ ਸਕਦਾ ਹੈ- ਸੰਗਠਿਤ ਖੇਤਰ ੩੦ ਮਿਲੀਅਨ, ਅਸੰਗਠਿਤ ਖੇਤਰ ੪੬੦ ਮਿਲੀਅਨ। ਸਾਡੇ ਸਾਹਮਣੇ ਅੱਜ ਸਭ ਤੋਂ ਵੱਡੀ ਚੁਣੌਤੀ ਹੈ ੪੬੦ ਮਿਲੀਅਨ ਦੇ ਅਸੰਗਠਿਤ ਖੇਤਰ ਲਈ ਵਿਸ਼ਵ ਪੱਧਰੀ ਵੀਈਟੀ ਨੂੰ ਉਪਲਬਧ ਕਰਾਉਣਾ।

੭. ਜ਼ਿਆਦਾਤਰ ਛੋਟੇ ਮਧਿਅਮ ਉਦਯੋਗ ਅਸੰਗਠਿਤ ਹੁੰਦੇ ਹਨ। ਛੋਟੇ ਮਧਿਅਮ ਉਦਯੋਗ ਅਰਥਵਿਵਸਥਾ ਦੇ ਅਮਲੀ 'ਗਤੀ ਉਤਪ੍ਰੇਰਕ' ਹਨ। ਛੋਟੇ ਮਧਿਅਮ ਉਦਯੋਗਾਂ ਵਿੱਚ ਵਿਵਸਾਇਕ ਸਿੱਖਿਆ ਤੇ ਸਿਖਲਾਈ ਯੁਕਤ ਨੌਜਵਾਨਾਂ ਦੇ ਸ਼ਾਮਿਲ ਹੋਣ ਨਾਲ ਇਹ ਵਿਸ਼ਵ ਵਿੱਚ ਯੁਵਾ, ਪ੍ਰਤੀਭਾਵਾਨ ਅਤੇ ਟ੍ਰੇਂਡ ਮਾਨਵ ਸ਼ਕਤੀ ਦੇ ਇਕ ਵੱਡੇ ਸਮੂਹ ਦੇ ਰੂਪ ਵਿੱਚ ਉਭਰੇਗਾ। ਇਹ ਭਾਰਤ ਨੂੰ ਇਕ ਆਰਥਿਕ ਸ਼ਕਤੀ ਦੇ ਰੂਪ ਵਿੱਚ ਅੱਗੇ ਲੈ ਕੇ ਜਾਏਗਾ।

੮. ਸਵਿਟਜ਼ਰਲੈਂਡ ਅਤੇ ਆਸਟਰੀਆ ਵਰਗੇ ਦੇਸ਼ਾਂ ਵਿੱਚੋਂ ਹਰੇਕ 'ਚ ੮ ਮਿਲੀਅਨ ਦੀ ਆਬਾਦੀ ਲਈ ੫੦੦੦ ਵੀਈਟੀ ਕੇਂਦਰ ਹਨ। ਇਹ ਦੇਸ਼ ਜ਼ਮੀਨ ਨਾਲ ਘਿਰੇ ਹੋਏ ਹਨ ਜਿਨ੍ਹਾਂ ਵਿੱਚ ਨਾ ਤਾਂ ਖਣਿਜ ਪਦਾਰਥ ਹਨ ਅਤੇ ਨਾ ਹੀ ਊਰਜਾ, ਪਰ ਉੱਚ ਗੁਣਵਤਾ ਵਾਲੇ ਮਾਨਵ ਸੰਸਾਧਨਾਂ ਕਾਰਨ ਇੱਥੋਂ ਦੀ ਜੀਡੀਪੀ ਭਾਰਤ ਦੀ ਸਿਲਸਿਲੇਵਾਰ ੩੩% ਅਤੇ ੨੩% ਦੇ ਬਰਾਬਰ ਹੈ।

੯. ਵਰਤਮਾਨ ''ਅਪ੍ਰੈਂਟਿਸ ਐਕਟ'' ਦੇਸ਼ ਦੀਆਂ ਮੌਜੂਦਾ ਲੋੜਾਂ ਦੇ ਅਨੁਰੂਪ ਨਹੀਂ ਹੈ। ਇਸ ਨੂੰ ਪੂਰੀ ਤਰ੍ਹਾਂ ਸੁਧਾਰਿਆ ਜਾਣਾ ਚਾਹੀਦਾ ਹੈ, ਤਾਂਕਿ ਕਾਰਜ-ਬਲ ਦੇ ਲਗਭਗ ੧੦% ਨੂੰ ਅਪ੍ਰੈਂਟਿਸ ਰੂਪ ਵਿੱਚ ਕੰਮਕਾਜ ਦੇ ਨਾਲ-ਨਾਲ ਟ੍ਰੇਂਡ ਕੀਤਾ ਜਾ ਸਕੇ।

<੧ ਬਿਲੀਅਨ = ੧੦੦੦ ਮਿਲੀਅਨ> <੧ ਮਿਲੀਅਨ = ੧੦ ਲੱਖ> <੧ ਕਰੋੜ = ੧੦੦ ਲੱਖ = ੧੦ ਮਿਲੀਅਨ> <੧ ਅਮਰੀਕੀ ਡਾਲਰ = ਰੁ. ੬੦ (ਲਗਭਗ)>

# *i Watch* ਸਨਮਾਨਿਤ ਨਾਗਰਿਕਾਂ ਦਾ ਕਹਿਣਾ ਹੈ

ਪਿਛਲੇ ਦਸ ਸਾਲਾਂ ਦੌਰਾਨ ਭਾਰਤੀ ਸੰਗਠਨਾਂ ਅਤੇ ਵਿਅਕਤੀਆਂ ਵੱਲੋਂ ਪੱਤਰਾਂ ਅਤੇ ਸੰਵਾਦਾਂ ਦੇ ਰੂਪ ਵਿੱਚ ਪ੍ਰਾਪਤ **ਫ਼ੀਡਬੈਕ ਅਤੇ ਪ੍ਰਤੀਕਰਮਾਂ** ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ।

ਇਹਨਾਂ ਵਿੱਤੋਂ ਕੁਝ ਪੱਤਰਾਂ-ਸੰਵਾਦਾਂ ਦਾ ਸੰਕਲਨ ਇਕ ਡੋਜ਼ੀਅਰ ਦੇ ਰੂਪ ਵਿੱਚ ਕੀਤਾ ਗਿਆ ਹੈ ਜੋ ਕਿ ਸਾਡੇ ਮੁੰਬਈ ਸਥਿਤ ਦਫ਼ਤਰ ਵਿੱਚ ਉਪਲਬਧ ਹੈ। ਇਹਨਾਂ ਵਿੱਚੋਂ ਕੁਝ ਫੀਡਬੈਕਾਂ ਦਾ ਉਲੇਖ ਅਸੀਂ ਇੱਥੇ ਕਰ ਰਹੇ ਹਾਂ।

ਸੰਖੇਪ ਵਿੱਚ, ਸਾਨੂੰ *i Watch* ਦੁਆਰਾ ਅਪਣਾਈ ਗਈ ਉਪਰੋਕਤ ਰਣਨੀਤੀ ਨਾਲ ਲੋਕਾਂ ਦੀ ਸੋਚ ਅਤੇ ਕਾਰਵਾਈਆਂ ਵਿੱਚ ਆਏ ਬਦਲਾਵਾਂ ਨੂੰ ਵੇਖ ਕੇ ਬੜੀ ਖ਼ੁਸ਼ੀ ਹੋਈ ਹੈ।

• ਤੁਸੀਂ ਆਪਣੇ ਦਸਤਾਵੇਜ਼ ਦੁਆਰਾ ਗਿਆਨ ਦੀਆਂ ਜੋ ਕੀਮਤੀ ਗੱਲਾਂ ਕਹੀਆਂ ਹਨ, ਉਹਨਾਂ ਵਿੱਚੋਂ ਕੁਝ ਦੀ ਵਰਤੋਂ ਮੈਂ ਕਾਰਪੋਰੇਟ ਕੰਮਕਾਜ 'ਤੇ ਆਪਣੀਆਂ ਨੀਤੀਆਂ ਦੀ ਰਚਨਾ ਕਰਦੇ ਸਮੇਂ ਕਰਨਾ ਚਾਹਵਾਂਗਾ।

***ਐਨ.ਆਰ. ਨਾਰਾਇਣ ਮੂਰਤੀ, ਚੇਅਰਮੈਨ ਤੇ ਚੀਫ਼ ਮੈਂਟੋਰ, ਇਨਫ਼ੋਸਿਸ***

• ਨਾਗਰਿਕਾਂ ਦੇ ਹਿੱਤ ਵਿੱਚ *i Watch* ਜੋ ਚੰਗਾ ਕੰਮ ਕਰ ਰਿਹਾ ਹੈ, ਚੈਂਬਰ ਉਸ ਦੀ ਸ਼ਲਾਘਾ ਕਰਦਾ ਹੈ।

***ਪੀ.ਐਨ. ਮੋਗਰੇ, ਸੈਕਰੇਟਰੀ ਜਨਰਲ, ਇੰਡੀਅਨ ਮਰਚੈਂਟਸ ਚੈਂਬਰ***

• *i Watch* ਦਾ ਮਿਸ਼ਨ ਦਰਅਸਲ ਕ੍ਰਿਸ਼ਨ ਖੰਨਾ ਦਾ ਮਿਸ਼ਨ ਹੈ ਜਿਸ ਦਾ ਲਕਸ਼ ਹੈ ਕਿ ਉਹ ਜਿੱਥੇ ਵੀ ਮੌਜੂਦ ਹੋਣ, ਉਸ ਕਾਰਜ ਜਾਂ ਜੀਵਨ ਦੀ ਕਾਇਆਕਲਪ ਕਰਨੀ।

***ਡਾ. ਪੀ.ਐਸ. ਰਾਣਾ, ਚੈਅਰਮੈਨ ਤੇ ਮੈਨੇਜਿੰਗ ਡਾਇਰੈਕਟਰ, ਹੁਡਕੋ***

• ਅਸੀਂ ੫੦੦ ਤੋਂ ਵੱਧ ਐਨਜੀਓ ਨਾਲ ਸਲਾਹ-ਮਸ਼ਵਰਾ ਅਤੇ ਵਿਵਹਾਰ ਕਰਦੇ ਹਾਂ ਤੇ ਇਸ ਆਧਾਰ 'ਤੇ ਅਸੀਂ ਕਹਿਣਾ ਚਾਹਾਂਗੇ ਕਿ ਅਸੀਂ *i Watch* ਨੂੰ ਇਕ ਅਨੂਠਾ ਤੇ ਨਿਰਾਲਾ ਐਨਜੀਓ ਪਾਇਆ ਹੈ।

***ਵਿਨੈ ਸੋਮਾਨੀ, ਮੈਨੇਜਿੰਗ ਟ੍ਰਸਟੀ, Karmayog.com***

• ਅਸੀਂ ਭਾਰਤ ਦੀ ਜਨਤਾ ਦੇ ਵੱਧ ਤੋਂ ਵੱਧ ਫ਼ਾਇਦੇ ਲਈ ਨੀਤੀਆਂ ਬਣਾਉਣ ਦੇ *i Watch* ਦੇ ਵਿਚਾਰਾਂ ਅਤੇ ਸੁਝਾਵਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

***ਅਨੂਪਮ ਮਿੱਤਲ, ਪ੍ਰੈਜ਼ੀਡੈਂਟ ਅਤੇ ਸੀਈਓ, ਪੀਪਲ ਗਰੁੱਪ***

• ਮੈਨੂੰ *i Watch* ਵਰਗੇ ਕਿਸੇ ਹੋਰ ਐਨਜੀਓ ਦੀ ਜਾਣਕਾਰੀ ਨਹੀਂ ਹੈ, ਜਿਸ ਕੋਲ ਭਾਰਤ ਦੀ ਕਾਇਆਕਲਪ ਕਰਨ ਦੇ ਏਨੇ ਉੱਚੇ ਵਿਚਾਰ ਹੋਣ।

***ਮੇਜਰ ਜਨਰਲ ਡੀ.ਐਨ. ਖੁਰਾਨਾ, ਡਾਇਰੈਕਟਰ ਜਨਰਲ,***
***ਆਲ ਇੰਡੀਆ ਮੈਨੇਜਮੈਂਟ ਐਸੋਸੀਏਸ਼ਨ***

• ਵਿੱਦਿਅਕ ਸੁਧਾਰਾਂ ਅਤੇ ਭਾਰਤ ਦੀ ਕਾਇਆਕਲਪ ਲਈ ਯੋਜਨਾਵਾਂ 'ਤੇ ਵਾਸਤਵ ਵਿੱਚ ਅਮਲ ਕਰਨ ਲਈ ਵਿਭਿੰਨ ਸਟੇਕਹੋਲਡਰਾਂ ਦੇ ਨਾਲ ਜਾਗਰੂਕਤਾ ਪੈਦਾ ਕਰਨ, ਸੁਲਝਾਅ ਦੇ ਸੁਝਾਅ ਦੇਣ ਅਤੇ ਕਾਰਜ ਯੋਜਨਾਵਾਂ ਬਣਾਉਣ ਵਿੱਚ ਮੈਂ *i Watch* ਦੇ ਉਪਰਾਲਿਆਂ ਦੀ ਹਾਰਦਿਕ ਪ੍ਰਸ਼ੰਸਾ ਕਰਦੀ ਹਾਂ।

***ਸੁਸ਼ਮਾ ਬੇਰਲੀਆ, ਪ੍ਰੈਜ਼ੀਡੈਂਟ,***
***ਐਜੂਕੇਸ਼ਨ ਪ੍ਰੋਮੋਸ਼ਨ ਸੁਸਾਇਟੀ ਫ਼ਾਰ ਇੰਡੀਆ***

• ਇਹਨਾਂ ਨੇ ਭਾਰਤ ਦੇ ਉੱਚ ਅਤੇ ਨਿਰੰਤਰ ਕਾਇਮ ਰਹਿਣ ਵਾਲੇ ਵਿਕਾਸ ਲਈ ਇਕ ਢਾਂਚਾ ਤਿਆਰ ਕੀਤਾ ਹੈ। ਇਸ ਲਈ ਉਹ ਜਾਗਰੂਕਤਾ ਪੈਦਾ ਕਰਨੀ ਅਤੇ ਨੀਤੀਆਂ ਵਿੱਚ ਬਦਲਾਵਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ। ਇਹ ਸਚਮੁਚ ਇਕ ਅਨੂਠੀ ਰਣਨੀਤੀ ਹੈ, ਜਿਸ ਦੇ ਦੂਰਗਾਮੀ ਨਤੀਜੇ ਹੋਣਗੇ।

***ਰਾਜੀਵ ਕੁਮਾਰ, ਚੀਫ਼ ਇਕਾਨੋਮਿਸਟ, ਸੀਆਈਆਈ***

• *i Watch* ਭਾਰਤ ਦੀ ਜਨਤਾ ਦੇ ਹਿੱਤ ਵਿੱਚ ਚੰਗੇ ਰਜ-ਪ੍ਰਬੰਧ ਦੀ ਲੋੜ ਅਤੇ ਮਹੱਤਵ ਬਾਰੇ ਲੋਕਾਂ ਨੂੰ ਦੱਸਣ ਅਤੇ ਸੰਬੰਧਿਤ ਨੀਤੀਗਤ ਬਦਲਾਵਾਂ ਦੀਆਂ ਜ਼ਰੂਰਤਾਂ ਨੂੰ ਸਮਝਾਉਣ ਦੀ ਦਿਸ਼ਾ ਵਿੱਚ ਅਦਭੁਤ ਕੰਮ ਕਰ ਰਿਹਾ ਹੈ।

***ਡਾ. ਬੀ.ਪੀ. ਢਾਕਾ, ਸੈਕਰੇਟਰੀ ਜਨਰਲ, ਪੀਐਚਡੀਸੀਸੀ ਐਂਡ ਆਈ***

• ਇਕ ਸਿੱਖਿਆ-ਸ਼ਾਸਤਰੀ ਅਤੇ ਐਚਆਰਡੀ ਕੰਸਲਟੈਂਟ ਹੋਣ ਦੇ ਨਾਤੇ ਮੈਂ *i Watch* ਦੀ ਇਸ ਅਨੂਠੀ ਯੋਜਨਾ ਵਿੱਚ ਪੂਰੀ ਤਰ੍ਹਾਂ ਨਾਲ ਯਕੀਨ ਕਰਦਾ ਹਾਂ ਕਿ ਭਾਰਤ ਦੇ ੯੫% ਨੌਜਵਾਨ ਵਰਗ ਨੂੰ ਵਿਵਸਾਇਕ ਸਿੱਖਿਆ ਦੇ ੩੦੦੦ ਖੇਤਰਾਂ ਵਿੱਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਇਸ ਗੱਲ ਵਿੱਚ ਅਦਭੁਤ ਨਵੀਨਤਾ ਹੈ। ਜੇ ਇਸ 'ਤੇ ਅਮਲ ਕੀਤਾ ਜਾਂਦਾ ਹੈ ਤਾਂ ਭਾਰਤ ਦੀ ਬੇਰੋਜ਼ਗਾਰੀ ਦੀ ਸਮੱਸਿਆ ਨੂੰ ਇਕ ਵੱਡਾ ਸੁਲਝਾਅ ਮਿਲ ਜਾਏਗਾ।

***ਪ੍ਰੋ. ਰੁਸ਼ੀਕੁਮਾਰ ਪਾਂਡਿਆ, ਅੰਤਰਰਾਸ਼ਟਰੀ ਮੈਨੇਜਮੈਂਟ ਗੁਰੂ***

• ਮੈਂ ਤੁਹਾਡੀ ਪੁਸਤਕ *'ਭਾਰਤ ਦੀ ਕਾਇਆਕਲਪ'* ਬੜੀ ਹੀ ਦਿਲਚਸਪੀ ਨਾਲ ਪੜ੍ਹੀ ਹੈ ਅਤੇ ਇਸ ਵਿੱਚ ਤੁਹਾਡੇ ਰਾਹੀਂ ਕੀਤੇ ਗਏ ਅਧਿਐਨਾਂ ਅਤੇ ਦਿੱਤੇ ਗਏ ਸੁਝਾਵਾਂ ਤੋਂ ਕਾਫ਼ੀ ਪ੍ਰਭਾਵਿਤ ਹੋਇਆ ਹਾਂ, ਜਿਸ ਲਈ ਮੈਂ ਤੁਹਾਨੂੰ ਆਪਣੀਆਂ ਸ਼ੁਭ ਕਾਮਨਾਵਾਂ ਦੇਣੀਆਂ ਚਾਹੁੰਦਾ ਹਾਂ। ਬੇਸ਼ਕ ਇਸ ਵਿੱਚ ਉਠਾਏ ਗਏ ਮੁੱਦੇ ਅਤੇ ਕੀਤੀਆਂ ਗਈਆਂ ਸਿਫ਼ਾਰਸ਼ਾਂ ਆਪਣਾ ਠੋਸ ਮੁੱਲ ਰੱਖਦੀਆਂ ਹਨ।

***ਬੀ.ਐਨ. ਯੁਗਾਂਧਰ, ਮੈਂਬਰ ਪਲਾਨਿੰਗ ਕਮਿਸ਼ਨ***

• ਵਧੀਆ ਰਾਜ-ਪ੍ਰਬੰਧ ਬਾਰੇ ਮੈਂ ਤੁਹਾਡੇ ਨਾਲ ਵਿਸਤ੍ਰਿਤ ਗੱਲਬਾਤ ਕਰਨੀ ਚਾਹੁੰਦਾ ਹਾਂ ਤਾਂ ਕਿ ਤੁਹਾਡੀ ਪੁਸਤਕ *'ਭਾਰਤ ਦੀ ਕਾਇਆਕਲਪ'* ਵਿੱਚ ਦਿੱਤੇ ਗਏ ਕੁਝ ਸੁਝਾਵਾਂ 'ਤੇ ਅੱਗੇ ਦੀ ਕਾਰਵਾਈ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

***ਐਮ. ਦਾਮੋਦਰਨ,***
***ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਆਈ.ਡੀ.ਬੀ.ਆਈ***

• ਮੈਨੂੰ *i Watch* ਦੁਆਰਾ ਕੀਤੇ ਜਾ ਰਹੇ ਸ਼ਲਾਘਾਯੋਗ ਕਾਰਜ ਦੀ ਜਾਣਕਾਰੀ ਹੈ। ਚੰਗੇ ਰਾਜ-ਪ੍ਰਬੰਧ, ਸਿਖਲਾਈ ਅਤੇ ਰੋਜ਼ਗਾਰ ਬਾਰੇ ਤੁਹਾਡੇ ਨਜ਼ਰੀਏ ਨੂੰ ਮੈਂ ਨੋਟ ਕੀਤਾ ਹੈ।

***ਐਮ. ਵੇਨਕਟੈਈਆ ਨਾਈਡੂ, ਸਾਬਿਕਾ ਪ੍ਰਧਾਨ, ਭਾਜਪਾ***

• ਆਪਣੇ ਇਸ ਵਧੀਆ ਕਾਰਜ ਨੂੰ ਲਗਾਤਾਰ ਜਾਰੀ ਰੱਖੋ।

***ਡਾ. ਨਟਰਾਜਨ - ਚੇਅਰਮੈਨ, ਆਲ ਇੰਡੀਆ ਕਾਊਂਸਿਲ ਫ਼ਾਰ ਟੈਕਨੀਕਲ ਐਜੂਕੇਸ਼ਨ***

• ਭਾਰਤ ਦੇ ਉੱਥਾਨ ਲਈ ਤੁਹਾਡੇ ਸੰਪੂਰਨ ਕਾਰਜਕ੍ਰਮ ਅਤੇ ਉਪਰਾਲਿਆਂ ਨੇ ਮੈਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਹੈ।

***ਬਾਬੂ ਖਲ਼ਫ਼ਾਨ, ਅਮਰੀਕਾ ਵਿੱਚ ਸਥਿਤ ਐਨਆਰਆਈ***

• *i Watch* ਨੇ ਜੋ ਦੂਰਦ੍ਰਿਸ਼ਟੀ ਨਿਰਧਾਰਿਤ ਕੀਤੀ ਹੈ, ਉਹ ਭਾਰਤ ਦੇ ਬਿਹਤਰ ਰਾਜ-ਪ੍ਰਬੰਧ ਲਈ ਬਹੁਤ ਹੀ ਸਮੇਂ-ਸਿਰ ਕਦਮ ਹੈ। ਤੁਹਾਡੀ ਫ਼ਾਊਂਡੇਸ਼ਨ ਨਾਲ ਜੁੜਨ ਵਿੱਚ ਸਾਨੂੰ ਦਿਲੀ ਖ਼ੁਸ਼ੀ ਹੋਏਗੀ।

***ਦਿਪਾਂਕਰ ਸਿਨਵਾਲਕੇ, ਐਗਜ਼ੀਕਿਊਟਿਵ ਡਾਇਰੈਕਟਰ, ਕੇਪੀਐਮਜੀ***

• ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡੀਆਂ ਸਾਰੀਆਂ ਪ੍ਰਸਤੁਤੀਆਂ ਲਈ ਤੁਹਾਨੂੰ ਵਧਾਈ ਦੇਣੀ ਚਾਹੁੰਦੀ ਹਾਂ! ਤੁਸੀਂ ਸਾਡੇ ਦੁਆਰਾ ਵਿਵਸਾਇਕ ਸਿੱਖਿਆ ਅਤੇ ਸਿਖਲਾਈ ਦੀ ਦਿਸ਼ਾ ਵਿੱਚ ਕੀਤੇ ਗਏ ਕਾਰਜਾਂ ਵਿੱਚ ਦਿਲਚਸਪੀ ਵਿਖਾਈ ਹੈ, ਇਸ ਲਈ ਖ਼ੁਸ਼ੀ ਅਤੇ ਫ਼ਖ਼ਰ ਮਹਿਸੂਸ ਕਰਦੀ ਹਾਂ। ਮੈਨੂੰ ਇਸ ਖੇਤਰ ਵਿੱਚ ਉੱਜਲ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

***ਪ੍ਰੋ. ਰੂਪਾ ਸ਼ਾਹ, ਵਾਈਸ ਚਾਂਸਲਰ,***
***ਐਸ.ਐਨ.ਡੀ.ਟੀ. ਵੂਮੇਨ'ਜ਼ ਯੂਨੀਵਰਸਿਟੀ***

• ਅਸੀਂ ਆਈਸੀ ਸੈਂਟਰ ਫ਼ਾਰ ਗਵਰਨੈਂਸ ਦੇ ਸੰਸਥਾਪਕ ਮੈਂਬਰ ਵਜੋਂ ਤੁਹਾਡਾ ਹਾਰਦਿਕ ਸਵਾਗਤ ਕਰਦੇ ਹਾਂ। ਤੁਹਾਡੇ ਰਾਹੀਂ ਚੁਣੇ ਗਏ ਮੁੱਖ ਮੁੱਦਿਆਂ ਅਤੇ ਤੈਅ ਕੀਤੇ ਗਏ ਐਕਸ਼ਨ ਪਲਾਨਜ਼ ਨੇ ਐਗਜ਼ੀਕਿਊਟਿਵ ਕਮੇਟੀ ਦੇ ਮੈਂਬਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

***ਪ੍ਰਭਾਤ ਕੁਮਾਰ, ਸਾਬਿਕਾ ਕੈਬੀਨਟ ਸੈਕਰੇਟਰੀ ਅਤੇ***
***ਪ੍ਰੈਜ਼ੀਡੈਂਟ ਆਈਸੀ ਸੈਂਟਰ ਫ਼ਾਰ ਗਵਰਨੈਂਸ***

• ਸਾਡੇ ਚੀਫ਼ ਸੈਕਰੇਟਰੀ ਨਾਲ ਤੁਹਾਡੀ ਗੱਲਬਾਤ ਦੇ ਸਿਲਸਿਲੇ ਵਿੱਚ ਅਸੀਂ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਜੇ ਤੁਸੀਂ ਦਿੱਲੀ ਸੈਕਰੇਟੇਰੀਅਟ ਵਿੱਚ ਐਨਸੀਟੀ ਸਰਕਾਰ ਦੇ ਲਗਭਗ ੪੫੦ ਸੀਨੀਅਰ ਅਤੇ ਮਿਡਲ ਲੈਵਲ ਦੇ ਅਫ਼ਸਰਾਂ ਲਈ ਚੰਗੇ ਰਾਜ-ਪ੍ਰਬੰਧ ਅਤੇ ਪ੍ਰਭਾਵੀ ਪ੍ਰਸ਼ਾਸਨ 'ਤੇ ਪਰਸਪਰ ਪ੍ਰਭਾਵੀ ਸੈਸ਼ਨਾਂ ਦਾ ਆਯੋਜਨ ਕਰ ਸਕੋ, ਤਾਂ ਸਾਨੂੰ ਬਹੁਤ ਖ਼ੁਸ਼ੀ ਹੋਏਗੀ

***ਪ੍ਰਕਾਸ਼ ਕੁਮਾਰ, ਏਆਰ ਅਤੇ ਆਈਟੀ ਸੈਕਰੇਟਰੀ, ਐਨਸੀਟੀ ਸਰਕਾਰ***

• **ਵਰਲਡ ਇਕਾੱਨੋਮਿਕ ਫ਼ੋਰਮ** ਅਤੇ **ਸੀਆਈਆਈ** ਦੁਆਰਾ ਆਯੋਜਿਤ ''ਭਾਰਤ ਅਤੇ ਵਿਸ਼ਵ ੨੦੨੫'' ਪਰੀਦ੍ਰਿਸ਼ 'ਤੇ ਪ੍ਰਸਪਰ ਪ੍ਰਭਾਵੀ ਵਰਕਸ਼ਾਪ ਵਿੱਚ *i Watch* ਨੂੰ ਇਕ ਵਿਸ਼ੇਸ਼ ਪੈਨਲ ਦੇ ਅੰਗ ਵਜੋਂ ਟਿੱਪਣੀਆਂ ਅਤੇ ਸੁਝਾਵਾਂ ਲਈ ਆਮੰਤ੍ਰਿਤ ਕੀਤਾ ਗਿਆ ਹੈ।

***ਕਾਨਫ਼ੈਡਰੇਸ਼ਨ ਆਫ਼ ਇੰਡੀਆ ਇੰਡਸਟਰੀ***

• ਤੁਹਾਡੇ ਰਾਹੀਂ ਕੀਤੇ ਗਏ ਸ਼ਲਾਘਾਯੋਗ ਕਾਰਜ ਲਈ ਕਿਰਪਾ ਕਰਕੇ ਮੇਰੀ ਹਾਰਦਿਕ ਵਧਾਈ ਸਵੀਕਾਰ ਕਰੋ। ਤੁਹਾਡੇ ਕੀਤੇ ਕਾਰਜ ਦੀ ਕਾਮਯਾਬੀ ਲਈ ਮੈਂ ਸ਼ੁਭ ਕਾਮਨਾਵਾਂ ਦੇਂਦੇ ਹੋਇਆਂ ਪੂਰੇ ਵਿਸ਼ਵਾਸ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਪ੍ਰਕਾਸ਼ਨ ਜਨਜਾਗਰੂਕਤਾ ਦਾ ਇਕ ਸਿੱਖਿਆਦਾਇਕ ਮਾਹੌਲ ਪੈਦਾ ਕਰਨਗੇ ਅਤੇ ਐਸੇ ਮੁੱਦਿਆਂ ਵੱਲ ਧਿਆਨ ਕੇਂਦਰਿਤ ਕਰਨਗੇ ਜਿਨ੍ਹਾਂ ਬਾਰੇ ਸਾਨੂੰ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

***ਐਮ.ਵੀ. ਰਾਜਸ਼ੇਕਰਨ, ਯੋਜਨਾ ਰਾਜ ਮੰਤਰੀ, ਯੋਜਨਾ ਆਯੋਗ***

• ਜੇ ਤੁਸੀਂ 'ਕਾਨਫ਼੍ਰੰਸ ਆਨ ਐਨਆਰਆਈ—ਸਿਵਲ ਸੁਸਾਇਟੀ ਪਾਰਟਨਰਸ਼ਿਪ' ਵਿੱਚ ਭਾਗ ਲੈਣ ਲਈ ਆਪਣਾ ਅਮੁੱਲ ਸਮਾਂ ਕੱਢ ਸਕੋ ਅਤੇ ਇਸ ਦੇ ਸੋਚ-ਵਿਚਾਰ ਵਿੱਚ ਯੋਗਦਾਨ ਦੇ ਸਕੋ ਤਾਂ ਅਸੀਂ ਤੁਹਾਡੇ ਬਹੁਤ ਹੀ ਧੰਨਵਾਦੀ ਹੋਵਾਂਗੇ।

***ਡਾ. ਆਬਿਦ ਹੁਸੈਨ, ਚੇਅਰਮੈਨ,***
***ਗਰੁੱਪ ਫ਼ਾਰ ਇਕੋਨਾਮਿਕ ਐਂਡ ਸੋਸ਼ਲ ਸਟੱਡੀਜ਼***

• ਤੁਹਾਡੇ ਸਹਿਯੋਗ-ਸਮਰਥਨ ਲਈ ਬਹੁਤ-ਬਹੁਤ ਧੰਨਵਾਦ। ਇਸ ਨੇ ਸਾਨੂੰ ਇਕ ਮਜ਼ਬੂਤ ਅਤੇ ਸਕਿਰਿਆ ਸੰਗਠਨ ਦੇ ਰੂਪ ਵਿੱਚ ਉਭਰਨ ਵਿੱਚ ਮਦਦ ਕੀਤੀ ਹੈ...

***ਪਦਮਿਨੀ ਸੋਮਾਨੀ, ਡਾਇਰੈਕਟਰ, ਸਲਾਮ ਬਾਂਬੇ ਫ਼ਾਊਂਡੇਸ਼ਨ***

• ਤੁਹਾਡੇ ਦੁਆਰਾ ਪ੍ਰਕਾਸ਼ਿਤ ਸਮੱਗਰੀ ਵਿੱਚ ਬਹੁਤ ਹੀ ਰੋਚਕਤਾ ਹੈ। ਤੁਹਾਡੇ ਨਜ਼ਰੀਏ ਵਿੱਚ ਜੋ ਸਰਲਤਾ ਅਤੇ ਵਿਵਹਾਰਕਤਾ ਹੈ, ਉਹ ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

***ਕੇ.ਐਲ. ਚੁੱਘ, ਚੇਅਰਮੈਨ, ਇਮਰਾਈਟਸ, ਆਈਟੀਸੀ ਲਿਮਿਟੇਡ***

• *i Watch* ਇਕ ਅਦਭੁਤ ਕਾਰਜ ਕਰ ਰਿਹਾ ਹੈ। ਤੁਹਾਡਾ ਇਹ ਖੋਜਪੂਰਨ ਕਾਰਜ ਸਾਨੂੰ ਆਪਣੇ ਅਭਿਯਾਨ ਲਈ ਬਹੁਤ ਹੀ ਲਾਭਕਾਰੀ ਸਮੱਗਰੀ ਦੇਵੇਗਾ।

***ਸੁਦੇਸ਼ ਕੇ. ਅਗਰਵਾਲ, ਸੈਕਰੇਟਰੀ ਜਨਰਲ,***
***ਆਲ ਇੰਡੀਅਨਜ਼ ਫ਼ਾਊਂਡੇਸ਼ਨ***

• ਬੇਸ਼ਕ ਇਹ ਇਕ ਸੰਘਰਸ਼ਪੂਰਨ ਕਾਰਜ ਹੈ ਅਤੇ ਤੁਸੀਂ ਢੇਰ ਸਾਰੇ ਆਂਕੜੇ ਜਮ੍ਹਾ ਕੀਤੇ ਹਨ। ਮੈਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਸੀਮਿਤ ਸ਼ੱਮਤਾ ਨਾਲ ਤੁਹਾਡੇ ਇਹਨਾਂ ਆਂਕੜਿਆਂ ਨੂੰ ਸਾਰੇ ਸੰਭਾਵੀ ਮੰਚਾਂ ਤਕ ਪਹੁੰਚਾਉਣ ਦਾ ਯਤਨ ਕਰੂੰਗਾ।

***ਪੀ.ਐਨ. ਰਾਏ, ਚੇਅਰਮੈਨ, ਇੰਡੋ-ਆਸ਼ੀ ਗਲਾਸ ਲਿ.***

• ਤੁਸੀਂ ਸਾਡੇ ਸਮਾਜਕ-ਸੱਭਿਆਚਾਰਕ-ਆਰਥਿਕ ਢਾਂਚੇ ਦੀਆਂ ਜਿਨ੍ਹਾਂ ਕੁਰੀਤੀਆਂ ਨੂੰ ਗਿਣਾਉਣ ਦਾ ਯਤਨ ਕੀਤਾ ਹੈ, ਉਹਨਾਂ 'ਤੇ ਬੇਸ਼ਕ ਧਿਆਨ ਦੇਣਾ ਜ਼ਰੂਰੀ ਹੈ।

***ਆਰ.ਐਸ. ਅਗਰਵਾਲ,***
***ਜਾਇੰਟ ਚੇਅਰਮੈਨ, ਏਨਾਮੀ ਗਰੁੱਪ ਆਫ਼ ਕੰਪਨੀਜ਼***

• ਮੈਂ **'ਭਾਰਤ ਦਾ ਰਾਜ-ਪ੍ਰਬੰਧ ਅਤੇ ਪ੍ਰਸ਼ਾਸਨ'** ਵਿਸ਼ੇ 'ਤੇ ਤੁਹਾਡੇ ਪਰਚੇ ਨੂੰ ਬਹੁਤ ਹੀ ਧਿਆਨ ਨਾਲ ਪੜ੍ਹਿਆ ਹੈ ਅਤੇ ਇਕ ਪਾਸੇ ਇਹਨੂੰ ਪੜ੍ਹ ਕੇ ਜਿੱਥੇ ਪ੍ਰਭਾਵਿਤ ਹੋਇਆ ਹਾਂ, ਤਾਂ ਦੂਜੇ ਪਾਸੇ ਉੱਤੇਜਿਤ ਵੀ। ਇਸ ਵਿੱਚ ਹਰ ਕਿਸੇ ਲਈ ਸੁਚੇਤ ਹੋਣ ਅਤੇ ਸੋਚਣ

ਲਈ ਸਮੱਗਰੀ ਹੈ। ਤੁਸੀਂ ਸਹੀ ਨਬਜ਼ 'ਤੇ ਹੱਥ ਰੱਖਿਆ ਹੈ। ਤੁਸੀਂ ਭਾਰਤ ਦੀਆਂ ਅਸਲੀ ਕਮੀਆਂ ਵੱਲ ਇਸ਼ਾਰਾ ਕੀਤਾ ਹੈ।

***ਪ੍ਰਕਾਸ਼ ਅਲਮੇਡਾ, ਡਾਇਰੈਕਟਰ,***
***ਇੰਸਟੀਚਿਊਟ ਫ਼ਾਰ ਸਟੱਡੀ ਆਫ਼ ਇਕੋਨਾਮਿਕ ਇਸ਼ੂਜ਼***

• ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜਿਸ ਨੂੰ ਵੀ ਇਹ ਨੋਟ ਪੜ੍ਹਨ ਦਾ ਮੌਕਾ ਮਿਲੇਗਾ, ਉਹ ਗਹਿਰਾਈ ਨਾਲ ਕੁਝ ਸੋਚਣ ਅਤੇ ਘੱਟੋਘੱਟ ਆਪਣੇ ਵੱਲੋਂ ਕੁਝ ਕਦਮ ਉਠਾਉਣ ਲਈ ਮਜਬੂਰ ਹੋ ਜਾਏਗਾ... ਤਾਂਕਿ ਤੁਸੀਂ ਜੋ ਦ੍ਰਿਸ਼ਟੀ ਵਿਖਾਈ ਹੈ, ਉਸ ਨੂੰ ਵਾਸਤਵਿਕਤਾ ਦਾ ਰੂਪ ਦਿੱਤਾ ਜਾ ਸਕੇ

***ਐਨ. ਵਿੱਠਲ, ਸੈਂਟਰਲ ਵਿਜੀਲੈਂਸ ਕਮਿਸ਼ਨ, ਸੀਵੀਸੀ***

• ਤੁਹਾਡੀ ਪ੍ਰਤੀਤੀ ਬਹੁਤ ਵਧੀਆ ਹੈ, ਵਿਚਾਰਾਂ ਵਿੱਚ ਮੌਲਿਕਤਾ ਹੈ ਅਤੇ ਤੱਥਾਂ ਵਿੱਚ ਦਿਮਾਗ ਨੂੰ ਝੰਝੋੜ ਕੇ ਰੱਖ ਦੇਣ ਦੀ ਸ਼ੱਮਤਾ ਹੈ। ਮੈਂ ਕਾਮਨਾ ਕਰਦਾ ਹਾਂ ਕਿ ਤੁਹਾਡੇ ਵਿਚਾਰਾਂ ਨੂੰ ਕੁੱਲ ਭਾਰਤੀ ਮੀਡੀਆ ਦਾ ਪੂਰਾ ਸਮਰਥਨ ਮਿਲੇ।

***ਐਚ.ਐਨ. ਦਸਤੂਰ,***
***ਐਗਜ਼ੀਕਿਊਟਿਵ ਡਾਇਰੈਕਟਰ, ਭਾਰਤੀ ਵਿੱਦਿਆ ਭਵਨ***

• ਜਿੱਥੇ ਜਾਗਰੂਕਤਾ ਹੁੰਦੀ ਹੈ, ਉਥੇ ਕਦਮ ਵੀ ਅੱਗੇ ਵਧਦੇ ਹਨ। ਇਸ ਧਰਮ-ਯੁੱਧ ਦੀ ਦਿਸ਼ਾ ਵਿੱਚ ਮੈਂ ਅਤੇ ਹੋਰ ਅਨੇਕਾਂ ਭਾਰਤੀ ਤੁਹਾਡੇ ਨਾਲ ਹਾਂ। ਤੁਸੀਂ ਇਸ ਸਿਲਸਿਲੇ ਨੂੰ ਬਣਾਈ ਰੱਖੋ।

***ਸੁਸ਼ੀਲ ਗੁਪਤਾ, ਸਾਬਿਕਾ ਡਿਸਟ੍ਰਿਕਟ ਗਵਰਨਰ, ਰੋਟਰੀ ਡਿਸਟ੍ਰਿਕਟ ੩੦੧੦***

• ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਡੇ ਪੱਤਰ ਵਿਚਲੇ **ਇਕ ਸੂਤਰੀ ਕਾਰਜਕ੍ਰਮ** ਅਨੁਸਾਰ ਮੈਂ ਯਥਾਸ਼ਕਤੀ ਆਪਣੀ ਜ਼ਿੰਮੇਵਾਰੀ ਪੂਰੀ ਕਰਦਾ ਰਹਾਂਗਾ।

***ਜਾਰਜ ਫ਼ਰਨਾਂਡੀਸ, ਸਾਬਿਕਾ ਰੱਖਿਆ ਮੰਤਰੀ, ਭਾਰਤ ਸਰਕਾਰ***

• ਤੁਹਾਡੇ ਅਨਮੋਲ ਅਨੁਭਵ ਦਾ ਲਾਭ ਪਾਉਣ ਲਈ ਅਸੀਂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੇ ਹਾਂ।

***ਏਅਰ ਕਮੋਡੋਰ ਅਮ੍ਰਿਤ ਲਾਲ, ਐਗਜ਼ੀਕਿਊਟਿਵ ਡਾਇਰੈਕਟਰ,***
***ਇੰਡੀਅਨ ਸੁਸਾਇਟੀ ਫ਼ਾਰ ਟ੍ਰੇਨਿੰਗ ਐਂਡ ਡਵੈਲਪਮੈਂਟ***

• ਨੋਟ ਵਿੱਚ ਮੈਂ ਤੁਹਾਡੇ ਰਾਹੀਂ ਪ੍ਰਗਟ ਕੀਤੇ ਗਏ ਦ੍ਰਿਸ਼ਟੀਕੋਣਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਨਾਲ ਹੀ ਹੋਰ ਵੀ ਵਿਚਾਰਾਂ, ਸੁਝਾਵਾਂ ਅਤੇ ਕਾਰਜਕ੍ਰਮਾਂ ਦੀ ਉਮੀਦ ਰੱਖਦਾ ਹਾਂ, ਜੋ ਸਾਡੇ ਸਮਾਜ ਨੂੰ ਸਹੀ ਦਿਸ਼ਾ ਵਿੱਚ ਅੱਗੇ ਲੈ ਜਾਣ ਵਿੱਚ ਆਪਣਾ ਯੋਗਦਾਨ ਕਰਨ।

***ਸੁਰੇਸ਼ ਪ੍ਰਭੂ, ਐਮਪੀ, ਲੋਕ ਸਭਾ***

# *i Watch* ਦੇ ਬਾਰੇ ਵਿੱਚ

## *i Watch* ਕੀ ਹੈ?

*i Watch* ਇਕ ਰਾਸ਼ਟਰੀ ਨਾਗਰਿਕ ਲਹਿਰ ਹੈ, ਜਿਸ ਦਾ ਮਕਸਦ ਹੈ 'ਭਾਰਤ ਦੀ ਕਾਇਆਕਲਪ' ਕਰਨੀ। '*i*' ਦਾ ਅਰਥ ਹੈ ਭਾਰਤ, ਭਾਰਤਵਾਸੀ, ਤੁਸੀਂ ਅਤੇ ਮੈਂ। '*Watch*' ਦਾ ਅਰਥ ਹੈ ਕਿ ਦੇਸ਼ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਅਸੀਂ ਉਸ 'ਤੇ ਨਜ਼ਰ ਰੱਖ ਰਹੇ ਹਾਂ। ਅਤੇ ਦੇਸ਼ਵਾਸੀਆਂ ਨੂੰ ਆਗਾਹ ਕਰ ਰਹੇ ਹਾਂ ਤਾਂਕਿ ਦੇਸ਼ ਵਿੱਚ ਸੁਧਾਰਾਂ ਲਈ ਅਸੀਂ ਜਨ ਜਾਗਰੂਕਤਾ ਪੈਦਾ ਕਰ ਸਕੀਏ।

'*i*' ਅੰਗ੍ਰੇਜ਼ੀ ਦਾ ਛੋਟਾ ਅੱਖਰ ਹੈ ਕਿਉਂਕਿ ਸਾਡੇ ਗੁਰੂਆਂ ਪੀਰਾਂ ਨੇ ਸਾਨੂੰ ਹਮੇਸ਼ਾ ਇਹੋ ਸਿਖਾਇਆ ਹੈ ਨਿਮਰਤਾ ਨਾਲ ਹੀ ਸੱਚਾਈ ਨੂੰ ਜਾਣ ਸਕਦੇ ਹਾਂ। *i Watch* **ਮਾਨਵ ਸੰਸਾਧਨ ਦੇ ਵਿਕਾਸ, ਵਧੀਆ ਰਾਜ-ਪ੍ਰਬੰਧ, ਅਰਥਵਿਵਸਥਾ, ਉੱਦਮਤਾ ਤੇ ਰੋਜ਼ਗਾਰ ਉਪਪੱਤੀ** ਉੱਤੇ ਕੇਂਦਰਿਤ ਹੈ।

*i Watch* ਇਕ ਰਜਿਸਟਰਡ ਚੈਰਿਟੀ ਹੈ। ਇਸ ਦਾ ਹੈੱਡ ਆਫ਼ਿਸ ਮੁੰਬਈ, ਭਾਰਤ ਵਿੱਚ ਸਥਿਤ ਹੈ।

*i Watch* ਨੂੰ ਦਿੱਤੇ ਗਏ ਦਾਨ 'ਤੇ ਭਾਰਤੀ ਸੰਗਠਨਾਂ ਅਤੇ ਲੋਕਾਂ ਨੂੰ ਧਾਰਾ ੮0G ਅਧੀਨ ਇਨਕਮ ਟੈਕਸ ਲਾਭ ਵੀ ਮਿਲਦਾ ਹੈ।

ਵਿਦੇਸ਼ੀ ਦਾਨ ਸਵੀਕਾਰ ਕਰਨ ਲਈ ਐਫ਼ਸੀਆਰਏ ਦੀ ਸਵੀਕ੍ਰਿਤੀ ਜਨਵਰੀ, ੨੦੦੯ ਵਿੱਚ ਮਿਲ ਚੁੱਕੀ ਹੈ।

## ਭਾਰਤ ਦੀ ਕਾਇਆਕਲਪ ਕਰਨ ਲਈ ਸਾਡੀ ਯੋਜਨਾ ਕੀ ਹੈ?

*i Watch* ਤਿੰਨ ਚਰਨਾਂ ਵਿੱਚ ਕੰਮ ਕਰਦਾ ਹੈ।

੧. **ਜਾਗਰੂਕਤਾ ਪੈਦਾ ਕਰਨੀ**
ਜਾਗਰੂਕਤਾ ਪੈਦਾ ਕਰਨ ਲਈ *ਭਾਰਤ ਨੂੰ ਇਕ ਗਿਆਨਾਤਮਕ ਅਰਥਵਿਵਸਥਾ ਬਣਾਉਣਾ, ਭਾਰਤ ਜਿਸ ਨੂੰ ਸ਼ਾਇਦ ਤੁਸੀਂ ਨਾ ਜਾਣਦੇ ਹੋਵੋ! ਅਤੇ ਭਾਰਤ ਲਈ ਕਿਰਿਆਤਮਕ ਯੋਜਨਾ* ਵਰਗੇ ਪ੍ਰਕਾਸ਼ਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

੨. **ਸੁਲਝਾਅ ਸੁਝਾਉਣੇ ਅਤੇ ਕਿਰਿਆਤਮਕ ਯੋਜਨਾ ਬਣਾਉਣੀ**
ਇਸ ਨੂੰ ਅਸੀਂ ਆਪਣੀ ਵੇਬਸਾਈਟ, ਅੰਤਰਕਿਰਿਆਸ਼ੀਲ ਵਰਕਸ਼ਾਪਾਂ ਅਤੇ ਸਾਡੀ ੧੦੪ ਪੰਨਿਆਂ ਦੀ ਪੁਸਤਕ *ਭਾਰਤ ਦੀ ਕਾਇਆਕਲਪ* ਦੁਆਰਾ ਪ੍ਰਾਪਤ ਕਰਦੇ ਹਾਂ।

੩. **ਅਸਲੀ ਰੂਪ ਵਿੱਚ ਅਮਲ ਕਰਨਾ**
ਇਸ ਲਈ ਅਸੀਂ ਸਰਕਾਰ, ਜਨਤਾ, ਨਿੱਜੀ ਸੰਗਠਨਾਂ ਅਤੇ ਐਨਜੀਓ ਦੇ ਨਾਲ ਸਹਿਯੋਗ ਅਤੇ ਨੈੱਟਵਰਕ ਨਾਲ ਤਾਲਮੇਲ ਬਣਾਈ ਰੱਖਦੇ ਹਾਂ।

## ਹੁਣ ਤਕ *i Watch* ਨੇ ਕੀ ਹਾਸਿਲ ਕੀਤਾ ਹੈ?

ਸਧ ੧੯੯੨ ਵਿਚ, ਜਦ ਅਸੀਂ ਭਾਰਤ ਦੀ ਕਾਇਆਕਲਪ ਕਰਨ ਦੀ ਆਪਨੀ ਯਾਤਰਾ ਦੀ ਸ਼ੁਰੂਆਤ ਕੀਤੀ ਸੀ, ਤਾਂ ਸਾਡੇ ਕੋਲ ਕੋਈ ਨਿਸ਼ਚਿਤ ਦਿਸ਼ਾ ਜਾਂ ਰਸਤਾ ਨਹੀਂ ਸੀ।

ਲਗਭਗ ੪ ਸਾਲਾਂ ਦੀ ਖੋਜ ਅਤੇ ਯਾਤਰਾ ਬਾਅਦ ਅਸੀਂ ਭਾਰਤ ਦੀ ਕਾਇਆਕਲਪ ਲਈ ਧਿਆਨ ਕੇਂਦਰਨ ਖੇਤਰਾਂ ਵਜੋਂ ਕੁਝ ਬੁਨਿਆਦੀ ਫ਼ੈਸਲੇ ਕੀਤੇ।

ਇੱਥੋਂ ਤਕ ਪਹੁੰਚਣ ਲਈ ਸਾਨੂੰ ਸਨ ੧੯੯੬ ਤਕ ਦਾ ਸਮਾਂ ਲਗ ਗਿਆ। ਅਸੀਂ ਕੰਮ ੧੯੯੭ ਵਿੱਚ ਸ਼ੁਰੂ ਕੀਤਾ। ਅਖ਼ੀਰ ਅਸੀਂ ਹੇਠਾਂ ਦਰਸਾਏ ਚਾਰ ਪ੍ਰਮੁਖ ਖੇਤਰਾਂ ਨੂੰ ਚੁਣਿਆ:–

੧. **ਮਾਨਵ ਸੰਸਾਧਨ ਵਿਕਾਸ, ਵਿਵਸਾਇਕ ਸਿੱਖਿਆ ਅਤੇ ਰੋਜ਼ਗਾਰ ਉਤਪੱਤੀ**
੨. ਭਾਰਤ ਦਾ **ਰਾਜ–ਪ੍ਰਬੰਧ ਅਤੇ ਪ੍ਰਸ਼ਾਸਨ**
੩. ਲਘੂ ਉਦਯੋਗ, ਲਘੂ ਮਧਿਅਮ ਉਦਯੋਗ ਅਤੇ ਸੰਬੰਧਿਤ ਮਿਹਨਤ–ਮਜ਼ਦੂਰੀ ਕਾਨੂੰਨਾਂ ਬਾਰੇ **ਨੀਤੀਆਂ ਵਿੱਚ ਬਦਲਾਅ**
੪. **ਅਰਥਵਿਵਸਥਾ ਅਤੇ ਉੱਦਮਸ਼ੀਲਤਾ** ਜਿਵੇਂ ਕਿ ਨਿਰਯਾਤ, ਰਿਟੇਲ, ਥੋਕ ਵਿਕਰੀ, ਨਿਰਮਾਣ, ਯਾਤਰਾ ਤੇ ਟੂਰਿਜ਼ਮ, ਹੈਲਥਕੇਅਰ, ਬੁਨਿਆਦੀ ਢਾਂਚੇ ਅਤੇ ਖੇਤੀਬਾੜੀ 'ਤੇ ਜ਼ੋਰ ਦਿੱਤਾ ਜਾਣਾ

*i Watch* ਨੂੰ ਇਹਨਾਂ ਚਾਰਾਂ ਹਲਕਿਆਂ ਵਿੱਚ ਕੁਝ ਹੱਦ ਤਕ ਕਾਮਯਾਬੀ ਮਿਲੀ ਹੈ ਕਿਉਂਕਿ ਅਸੀਂ ਫ਼ੈਸਲਾ ਲੈਣ ਵਾਲੇ ਲੋਕਾਂ ਦੇ ਇਕ ਵੱਡੇ ਵਰਗ ਦੇ ਸੋਚਣ ਦੇ ਤਰੀਕੇ ਵਿੱਚ ਬਦਲਾਅ ਲਿਆ ਸਕੇ ਹਾਂ। ਇਸ ਲਈ ਅਸੀਂ ਹੇਠਾਂ ਲਿਖੇ ਉਪਾਅ ਅਪਣਾਏ ਹਨ:–

੧. ਪਰਸਪਰ ਪ੍ਰਭਾਵੀ ਵਰਕਸ਼ਾਪਾਂ, ਸੈਮੀਨਾਰ ਅਤੇ ਲੇਖ
੨. ਪ੍ਰਕਾਸ਼ਨ, *ਭਾਰਤ ਨੂੰ ਇਕ ਗਿਆਨਮੂਲਕ ਅਰਥਚਾਰਾ ਬਣਾਉਣਾ। ਉਹ ਭਾਰਤ ਜਿਸ ਬਾਰੇ ਸ਼ਾਇਦ ਤੁਸੀਂ ਨਾ ਜਾਣਦੇ ਹੋਵੋ, ਅਤੇ ਭਾਰਤ ਲਈ ਐਕਸ਼ਨ ਪਲਾਨ ਬਣਾਉਣਾ।*
੩. ੧੦੪ ਪੰਨਿਆਂ ਦੀ ਪੁਸਤਕ – *ਭਾਰਤ ਦੀ ਕਾਇਆਕਲਪ*
੪. ਵੇਬਸਾਈਟ www.wakeupcall.org
੫. ਐਮਐਚਆਰਡੀ, ਯੋਜਨਾ ਆਯੋਗ, ਚੈਂਬਰਸ ਆਫ਼ ਕਾਮਰਸ, ਸੀਆਈਆਈ, ਫ਼ਿੱਕੀ, ਸੂਚਨਾ, ਤਕਨਾਲੋਜੀ ਮੰਤਰਾਲਾ ਆਦਿ ਦੀਆਂ ਰਾਸ਼ਟਰੀ ਕਮੇਟੀਆਂ ਵਿੱਚ ਭਾਗੀਦਾਰੀ ਕਰਨੀ।

ਸੀਆਈਆਈ, ਫ਼ਿੱਕੀ, ਏਸੋਕੈਮ, ਪੀਐਚਡੀਸੀਸੀ ਐਂਡ ਆਈ, ਆਈਐਮਸੀ, ਐਮਈਡੀਸੀ, ਬੀਸੀਸੀ ਐਂਡ ਆਈ, ਦੇ ਮੈਂਬਰ ਵਜੋਂ ਅਤੇ ਆਈਬੀਏ, ਆਰਬੀਆਈ, ਅਤੇ ਐਮਓਐਫ਼ ਦੇ ਨਾਲ ਚਰਚਾ ਕਰਕੇ ਅਸੀਂ **ਐਮਐਸਐਮਈ** ਦੇ ਮਹੱਤਵ ਅਤੇ **ਐਸਐਸਆਈ** ਦੀ ਸੀਮਿਤ–ਸੰਬਧਤਾ ਦੀ ਗੱਲ ਨੂੰ ਕਾਫ਼ੀ ਹੱਦ ਤਕ ਸਮਝ ਸਕੇ ਹਾਂ।

# ਜੀਵਨ ਵਿੱਚ ਇਕਮਾਤਰ ਚੀਜ਼ ਹੈ ਬਦਲਾਅ

ਭਾਰਤ ਦੇ ਦਸ ਰਾਜਾਂ ਵਿੱਚ ਰੋਜ਼ਗਾਰ ਉਤਪੱਤੀ ਅਤੇ ਵਿਵਸਾਇਕ ਸਿੱਖਿਆ ਅਤੇ ਸਿਖਲਾਈ 'ਤੇ ਯੂਰਪੀਨ ਸੰਗ, **ਈਯੂ** ਦੁਆਰਾ ਮਾਨਤਾ ਪ੍ਰਾਪਤ ਇਕ ਸੰਯੁਕਤ ਪ੍ਰੋਜੈਕਟ।

ਚੰਗੇ ਰਾਜ–ਪ੍ਰਬੰਧ ਦੇ ਮਾਮਲੇ ਵਿੱਚ ਰਾਜ ਸਰਕਾਰਾਂ ਜਿਵੇਂ ਕਿ ਦਿੱਲੀ ਐਨਸੀਟੀ ਨੇ ਸਾਡੇ ਨਾਲ ਗੱਲ–ਬਾਤ ਕੀਤੀ ਹੈ ਅਤੇ **ਚੰਗੇ ਰਾਜ–ਪ੍ਰਬੰਧ ਅਤੇ ਪ੍ਰਸ਼ਾਸਨ** ਬਾਰੇ ਸਾਡੇ ਨਾਲ ਸਲਾਹ–ਮਸ਼ਵਰਾ ਕੀਤਾ ਹੈ।

**ਸਿੱਖਿਆ ਵਿੱਚ ਸੁਧਾਰ** ਦੇ ਖੇਤਰ ਵਿੱਚ ਵਿਵਸਾਇਕ ਸਿੱਖਿਆ ਅਤੇ ਸਿਖਲਾਈ ਬਾਰੇ ਸਾਡੀ ਵਿਚਾਰਕ ਪ੍ਰਕਿਰਿਆ 'ਤੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ, ਇਗਨੂ ਅਤੇ ਯੋਜਨਾ ਆਯੋਗ ਦੁਆਰਾ ਵਿਚਾਰ ਕੀਤਾ ਗਿਆ ਹੈ।

ਸੀਆਈਆਈ, ਫ਼ਿੱਕੀ, ਏਸੋਕੈਮ, ਈਪੀਐਸਆਈ, ਪੀਐਚਡੀਸੀਸੀ ਅਤੇ ਆਈ ਤੇ ਹੋਰਨਾਂ ਨਾਲ ਵਿਚਾਰ–ਵਟਾਂਦਰਾ ਕਰਨ ਦੁਆਰਾ **ਉੱਚ ਸਿੱਖਿਆ ਅਤੇ ਤਕਨੀਕੀ ਸਿੱਖਿਆ ਦੇ ਰੀਰੈਗੂਲੇਸ਼ਨ** 'ਤੇ ਜ਼ਬਰਦਸਤ ਸਵੀਕ੍ਰਿਤੀ ਮਿਲ ਰਹੀ ਹੈ।

**ਅਰਥਵਿਵਸਤਾ ਅਤੇ ਉੱਦਮਸ਼ੀਲਤਾ** ਦੇ ਖੇਤਰਾਂ ਵਿੱਚ ਸਾਨੂੰ **ਵਰਲਡ ਇਕਾਨੋਮਿਕ ਫ਼ੋਰਮ, ਡਬਲਯੂਈਐਫ਼** ਵਰਗੇ ਦਿੱਗਜਾਂ ਨੇ ਸਾਡੇ ਪ੍ਰਤੀਕਰਮ ਅਤੇ ਸਲਾਹ–ਸੁਝਾਵਾਂ ਲਈ ਆਮੰਤ੍ਰਿਤ ਕੀਤਾ ਹੈ।

ਪਿਛਲੇ ੨੦ ਸਾਲਾਂ ਵਿੱਚ ਅਸੀਂ ਆਪਣੀ ਪੁਸਤਕ **ਭਾਰਤ ਦੀ ਕਾਇਆਕਲਪ** ਦੀਆਂ ੬੦੦,੦੦੦ ਤੋਂ ਵਧੇਰੇ ਕਾਪੀਆਂ ਵੇਚੀਆਂ ਹਨ, ਅਨੇਕ ਪਰਸਪਰ ਪ੍ਰਭਾਵੀ ਸੈਮੀਨਾਰਾਂ ਦਾ ਪ੍ਰਬੰਧ ਕੀਤਾ ਹੈ ਅਤੇ ਆਪਣੀ ਵੇਬਸਾਈਟ ਦੁਆਰਾ ਸਾਡੇ ਵਿਚਾਰਾਂ ਤੇ ਸੋਚ ਦਾ ਪ੍ਰਚਾਰ–ਪ੍ਰਸਾਰ ਕੀਤਾ ਹੈ।

ਸਾਡੇ ਪ੍ਰਕਾਸ਼ਨ ੧੩ ਭਾਸ਼ਾਵਾਂ ਅੰਗ੍ਰੇਜ਼ੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਅਸਾਮੀ, ਉੜੀਆ, ਤਮਿਲ, ਤੇਲੁਗੂ, ਕੰਨੜ, ਪੰਜਾਬੀ, ਉਰਦੂ ਅਤੇ ਮਲਿਆਲਮ ਵਿੱਚ ਉਪਲਬਧ ਹਨ, ਕਿਉਂਕਿ ਸਾਡੇ ਦੇਸ਼ ਵਿੱਚ ਸਿਰਫ਼ ੭% ਭਾਰਤੀ ਹੀ ਅੰਗ੍ਰੇਜ਼ੀ ਸਮਝ ਸਕਦੇ ਹਨ।

# i Watch ਸਿਧਾਂਤ, ਮਿਸ਼ਨ, ਮਕਸਦ

## ਮਾਰਗਦਰਸ਼ੀ ਸਿਧਾਂਤ

੧. **ਸਕਾਰਾਤਮਕ ਰਵੱਈਆ**
ਇਹ ਵਿਸ਼ਵਾਸ ਕਰਨਾ ਕਿ ਸਹੀ ਬਦਲਾਅ ਸੰਭਵ ਹੈ।

੨. **ਖੋਜ**
ਪੂਰੀ ਤਿਆਰੀ ਦੇ ਬਿਨਾ ਕਦਮ ਨਹੀਂ ਵਧਾਉਣਾ ਹੈ।

੩. **ਪ੍ਰਭਾਵੀ ਸੰਵਾਦ**
ਸਭ ਲੋਕਾਂ ਤਕ ਪਹੁੰਚਣ ਲਈ ਸੰਵਾਦਸ਼ੀਲਤਾ ਨੂੰ ਸਾਧਨ ਬਣਾਇਆ ਜਾਏ।

੪. **ਸਮਾਜ ਦੀ ਤਾਕਤ 'ਤੇ ਵਿਸ਼ਵਾਸ**
ਇਹ ਮੰਨਣਾ ਕਿ ਸਮੂਹਿਕ ਉਪਰਾਲਿਆਂ ਨਾਲ ਸਭ ਕੁਝ ਸੰਭਵ ਹੈ। ਸਮਾਜ ਨੂੰ ਨਾਲ ਲੈ ਕੇ ਹੀ ਕਾਇਆਕਲਪ ਹੋਏਗੀ।

੫. **ਸਕਾਰਾਤਮਕ ਭਾਗੀਦਾਰੀ**
ਸਭ ਵਿੱਚ ਭਾਗੀਦਾਰੀ ਦੀ ਭਾਵਨਾ ਜਗਾਈ ਜਾਏ। ਵਿਕਲਪਕ ਉਪਾਅ ਸੋਚੇ ਜਾਣ ਜਾਂ ਨਵੇਂ ਉਪਾਅ ਖੋਜੇ ਜਾਣ।

੬. **ਪੱਖਵਾਦੀ ਸੱਭਿਆਚਾਰ ਨਾ ਹੋਵੇ**
ਕੋਈ ਰਾਜਨੀਤਕ ਸ਼ਮੂਲੀਅਤ ਨਹੀਂ।

੭. **ਰਾਜਨੀਤੀ-ਮੁਖੀ ਨਜ਼ਰੀਆ**
ਪਾਲਿਟੀਸ਼ੀਅਨ ਵਿਭਿੰਨ ਚੱਕਰਾਂ ਦੇ ਸ਼ਿਕਾਰ ਹੁੰਦੇ ਹਨ, ਉਹਨਾਂ ਨੂੰ ਖਲਨਾਇਕ ਨਹੀਂ ਮੰਨਿਆ ਜਾਣਾ ਚਾਹੀਦਾ।

੮. **ਰਾਜਨੀਤਕ ਪ੍ਰਕਿਰਿਆ ਦੇ ਪ੍ਰਤੀ ਸਨਮਾਨ**
ਇਸ ਗੱਲ ਨੂੰ ਮਾਨਤਾ ਦੇਣੀ ਕਿ ਰਾਜਨੀਤੀ ਲੋਕਰਾਜ ਦੇ ਕੇਂਦਰ ਬਿੰਦੂ ਹੁੰਦੀ ਹੈ ਅਤੇ ਸੱਚੀ ਰਾਜਨੀਤੀ ਇਕ ਮਹਾਨ ਆਦਰਸ਼ ਲਈ ਹੁੰਦੀ ਹੈ।

੯. **ਰਾਜਨੀਤਕ ਵਿਕਲਪ**
ਲੋਕਰਾਜ ਦਾ ਕੋਈ ਵਿਕਲਪ ਨਹੀਂ ਹੈ। ਲੋਕਰਾਜ ਦਾ ਵਿਕਲਪ ਸਿਰਫ਼ ਬਿਹਤਰ ਲੋਕਰਾਜ ਹੀ ਹੈ ਸਕਦਾ ਹੈ।

੧੦. **ਪ੍ਰੋਫ਼ੈਸ਼ਨਲਿਜ਼ਮ**
ਵਿਅਕਤੀਗਤ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਣ ਜਿਨ੍ਹਾਂ ਵਿੱਚ ਹਮੇਸ਼ਾ ਉੱਚਤਮ ਪੱਧਰ ਦੀ ਪ੍ਰਤੀਬੱਧਤਾ ਤੇ ਸ਼ੱਮਤਾ ਹੋਵੇ।

## ਸਾਡਾ ਇਤਿਹਾਸ

ਫ਼ੋਕਸ ਹਮੇਸ਼ਾ **ਮਾਨਵ ਸੰਸਾਧਨ ਵਿਕਾਸ, ਚੰਗੇ ਰਾਜ-ਪ੍ਰਬੰਧ** ਅਤੇ **ਅਰਥਵਿਵਸਥਾ** 'ਤੇ ਰਿਹਾ ਹੈ।

**ਮਾਨਵ ਸੰਸਾਧਨ ਵਿਕਾਸ-ਚੰਗੇ ਰਾਜ ਪ੍ਰਬੰਧ-ਅਰਥਵਿਵਸਥਾ ਅਤੇ ਉੱਦਮਸ਼ੀਲਤਾ-ਬੁਨਿਆਦੀ ਢਾਂਚੇ** ਦੀ ਪਰਸਪਰ ਨਿਰਭਰਤਾ ਦੇ ਮਹੱਤਵ ਨੂੰ ਸਮਾਝਿਆ ਜਾਣਾ ਬਹੁਤ ਜ਼ਰੂਰੀ ਹੈ। ਇਹ ਸਭ ਕਈ ਤਰ੍ਹਾਂ ਨਾਲ ਇਕ ਦੂਜੇ 'ਤੇ ਨਿਰਭਰ ਹਨ। ਇਹਨਾਂ ਨੂੰ ਇਕ ਦੂਜੇ ਤੋਂ ਵੱਖਰਾ ਕਰਕੇ ਵੇਖਣਾ ਸੰਭਵ ਹੀ ਨਹੀਂ ਹੈ। ਐਸਾ ਕਰਨ ਨਾਲ ਦੇਸ਼ ਦੀ ਸ਼ੱਮਤਾ ਘਟੇਗੀ ਤੇ ਉਹਨੂੰ ਹਾਨੀ ਹੀ ਪਹੁੰਚੇਗੀ।

## ਮਿਸ਼ਨ

ਰਾਸ਼ਟਰ ਦੇ ਭਵਿੱਖ ਨਿਰਮਾਣ ਵਿੱਚ ਮਹੱਤਵਪੂਰਨ ਰੋਲ ਅਦਾ ਕਰਨ ਵਾਲੇ ਖੇਤਰ ਵਿੱਚ ਭਾਰਤੀ ਨਾਗਰਿਕਾਂ ਦੇ ਮਨ ਵਿੱਚ ਇਕ ਜਾਗ੍ਰਿਤੀ ਪੈਦਾ ਕਰਨੀ, ਜਿਵੇਂ ਇਸ ਖੇਤਰ ਵਿੱਚ **ਚੰਗਾ ਰਾਜ-ਪ੍ਰਬੰਧ ਅਤੇ ਅਸਰਦਾਰ ਸ਼ਾਸਨ**, ਇਹ ਅਰਥਚਾਰੇ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ, ਅਤੇ ਇਸ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?

**ਸੰਗਤ ਮਾਨਵ ਸੰਸਾਧਨ ਵਿਕਾਸ ਦਾ ਮਹੱਤਵ।** ਵਰਤਮਾਨ ਸਿੱਖਿਆ ਵਿੱਚ 'ਲਾਇਸੰਸ ਰਾਜ' ਨੂੰ ਸਮਾਪਤ ਕਰਨਾ।

**ਨੀਤੀਆਂ ਵਿੱਚ ਬਦਲਾਅ** ਦੀ ਲੋੜ, ਜਿਵੇਂ ਕਿ ਲਘੂ ਉਦਯੋਗ, **ਐਸਐਸਆਈ** ਦੀ ਵਰਤਮਾਨ ਸੀਮਿਤਕਾਰੀ ਪਰਭਾਸ਼ਾ ਨੂੰ ਮਿਟਾਉਣਾ ਅਤੇ ਇਸ ਨੂੰ ਲਘੂ ਤੇ ਮਧਿਅਮ ਉੱਦਮ ਜਾਂ **ਐਮਐਸਐਮਈ** ਵਿੱਚ ਤਬਦੀਲ ਕਰਨਾ।

ਭਾਰਤ ਨੂੰ ਏਸ਼ੀਆ ਦੇ ਦੂਜੇ ਤਰੱਕੀਪਸੰਦ ਦੇਸ਼ਾਂ ਦੇ ਬਰਾਬਰ ਬਣਾਉਣ ਲਈ **ਸੰਗਤ ਮਿਹਨਤ-ਮਜ਼ਦੂਰੀ ਅਤੇ ਪ੍ਰਸ਼ਾਸਨਿਕ ਸੁਧਾਰਾਂ** ਦੀ ਬਹੁਤ ਲੋੜ ਹੈ, ਤਾਂਕਿ ਸਾਡੇ ਬਿਜ਼ਨਸ ਲੀਡਰਾਂ ਅਤੇ ਪ੍ਰਬੰਧਕਾਂ ਨੂੰ ਮੁਕਾਬਲੇ ਲਈ ਸਮਾਨ ਧਰਾਤਲ ਮਿਲ ਸਕੇ।

ਇਸੇ ਲਈ ਨਿਰਯਾਤ ਅਤੇ ਟੂਰਿਜ਼ਮ ਨੂੰ ਵਰਤਮਾਨ ਪੱਧਰਾਂ ਤੋਂ ੧੦੦੦% ਵਧਾਇਆ ਜਾਣਾ ਚਾਹੀਦਾ ਹੈ।

ਲੋਕਰਾਜ ਵਿੱਚ ਜਨਤਾ ਦੀ ਭਾਗੀਦਾਰੀ ਜ਼ਰੂਰੀ ਹੈ। ਬਦਲਾਅ ਸੰਭਵ ਹੈ ਅਤੇ ਸੌਖ ਤਦ ਹੋਏਗਾ ਜਦ ਸੂਚਨਾ ਹੇਠਾਂ ਤੋਂ ਉੱਪਰ ਵੱਲ ਜਾਏ, ਨਾ ਕਿ ਉੱਪਰ ਵੱਲੋਂ ਹੇਠਾਂ ਆਏ। ਇਸੇ ਲਈ ਸਾਡਾ ਪ੍ਰਸਤੁਤੀਕਰਨ ਆਮ ਆਦਮੀ ਜਾਂ ਭਾਰਤ ਦੇ ਨਾਗਰਿਕਾਂ ਲਈ ਡਿਜ਼ਾਈਨ ਕੀਤਾ ਗਿਆ ਹੈ।

## ਮਕਸਦ

ਸੱਚੇ ਅਰਥਾਂ ਵਿੱਚ ਭਾਰਤ ਨੂੰ ਵਿਸ਼ਵ ਪੱਧਰੀ ਰਾਸ਼ਟਰ ਬਣਾਉਣਾ, ਭਾਰਤ ਵਿੱਚ ੧੨੧੦ ਮਿਲੀਅਨ ਲੋਕਾਂ ਦੀ ਵਿਸ਼ਾਲ ਆਬਾਦੀ ਹੋਣ ਦੇ ਕਾਰਨ **ਬਾਜ਼ਾਰ ਵਿੱਚ ਮੰਗ ਬਹੁਤ ਵੱਡੀ ਹੈ, ਪਰ ਖ਼ਰੀਦਣ ਲਈ ਪੈਸਾ ਕਿੱਥੇ ਹੈ?**

ਸਾਨੂੰ ਆਪਣੀ ਨਿਰਯਾਤ ਨੂੰ ਵਧਾਉਣਾ ਹੋਏਗਾ ਤਾਂਕਿ ਸਾਡੀ ਖ਼ਰੀਦਣ ਦੀ ਸ਼ਕਤੀ ਵਧ ਸਕੇ!

ਵਿਸ਼ਵ ਸੰਸਾਧਨ ਆਧਾਰ ਬਣਨ ਲਈ ਭਾਰਤ ਦਾ ਭਵਿੱਖ, ਉਤਪਾਦਨ, ਵਪਾਰ ਅਤੇ ਸੇਵਾਵਾਂ ਵਿੱਚ ਨਿਹਿਤ ਹੈ, ਕਿਉਂਕਿ **ਵਿਸ਼ਵ ਵਪਾਰ ਦਾ ੯੭.੪% ਅਤੇ ਵਿਸ਼ਵ ਦੀ ੯੭.੮% ਖਰੀਦਣ ਸ਼ਕਤੀ ਭਾਰਤ ਦੇ ਹੱਥ ਵਿੱਚ ਨਹੀਂ ਹੈ।**

**ਇਕ ਪੰਛੀ-ਉੱਡਦੀ ਝਾਤ ਦਰਸਾਉਂਦੀ ਹੈ ਕਿ:-**

- ਭਾਰਤ ਨੂੰ ਲੋੜ ਹੈ ਕਿ ਉਹ ਆਪਣੀ ਕਾਮਯਾਬੀ ਦੀਆਂ ਆਪਣੀਆਂ ਮਿਸਾਲਾਂ ਜਿਵੇਂ **ਸੂਚਨਾ ਤਕਨੋਲੋਜੀ ਅਤੇ ਸਾਫ਼ਟਵੇਅਰ ਤੇ ਹੀਰਿਆਂ ਦੀ ਨਿਰਯਾਤ** ਦੇ ਅਲਾਵਾ ਅਰਥਚਾਰੇ ਦੇ ਹੋਰ ਖੇਤਰਾਂ ਨੂੰ ਵੀ ਵਿਕਸਿਤ ਕਰੇ।
- ਉੱਚ ਖ਼ਰੀਦਣ ਸ਼ੱਮਤਾ ਸਮਾਨਤਾ ਦੇ ਨਾਲ (ਰੁ. ੧੬ ਦੀ ਪੀਪੀਪੀ = ੧ ਅਮਰੀਕੀ ਡਾਲਰ) ਭਾਰਤ ਕੋਲ ਮਾਲ ਅਤੇ ਸੇਵਾਵਾਂ ਦੀ ਨਿਰਯਾਤ ਕਰਨ ਦੀ ਅਪਾਰ ਸ਼ੱਮਤਾ ਹੈ। ਭਾਰਤ ਦੁਆਰਾ ਇਸ ਲਕਸ਼ ਦੀ ਪ੍ਰਾਪਤੀ ਲਈ ਚੰਗਾ ਰਾਜ-ਪ੍ਰਬੰਧ ਅਤੇ ਅਸਰਦਾਰ ਪ੍ਰਸ਼ਾਸਨ ਜ਼ਰੂਰੀ ਹੈ।
- ਚੀਨ ਦੇ ਪਾਲਿਟੀਸ਼ੀਅਨ ਅਤੇ ਕਰਮਚਾਰੀ **'ਚਲਦੇ-ਫਿਰਦੇ ਵੀ ਅਰਥਸ਼ਾਸਤਰ'** ਬਾਰੇ ਹੀ ਸੋਚਦੇ ਹਨ ਅਤੇ ਇਸੇ ਬਾਰੇ ਗੱਲ-ਬਾਤ ਕਰਦੇ ਹਨ, ਇਸੇ ਕਾਰਨ ਪ੍ਰਵਾਸੀ ਚੀਨੀ ਲੋਕ ਅਤੇ ਵਿਦੇਸ਼ੀ ਨਿਵੇਸ਼ਕਾਂ ਦਾ ਚੀਨ ਉੱਤੇ ਵਿਸ਼ਵਾਸ ਹੈ। ਸ਼ੁਕਰ ਹੈ ਕਿ ਹੁਣ ਭਾਰਤ ਦੇ ਪ੍ਰਤੀ ਵੀ ਸਕਾਰਾਤਮਕ ਧਾਰਨਾ ਬਣੀ ਹੈ।

# ਆਮ ਜਾਣਕਾਰੀ

### *i Watch* ਦੇ ਸੰਸਥਾਪਕ

ਕਿਰਪਾ ਕਰਕੇ ਵੇਖੋ www.wakeupcall.org

### *i Watch* ਦੇ ਆਨਰੇਰੀ ਸਲਾਹਕਾਰ

ਕਿਰਪਾ ਕਰਕੇ ਵੇਖੋ www.wakeupcall.org

### *i Watch* ਦੀਆਂ ਗਤੀਵਿਧੀਆਂ ਲਈ ਫ਼ੰਡਿੰਗ

ਬੁਨਿਆਦੀ ਸਹੂਲਤਾਂ, ਪੂੰਜੀ ਅਤੇ ਆਮਦਨੀ ਖ਼ਰਚ ਕਾਰਨ ਫ਼ੰਡਿੰਗ ਦਾ ਪ੍ਰਾਵਧਾਨ ਸੰਸਥਾਪਕ ਕ੍ਰਿਸ਼ਣ ਖੰਨਾ ਅਤੇ ਉਹਨਾਂ ਦੇ ਪਰਿਵਾਰ ਦੁਆਰਾ ਕੀਤਾ ਜਾਂਦਾ ਹੈ।

### *i Watch* ਦਾ ਮੈਂਬਰ ਕਿਵੇਂ ਬਣਿਆ ਜਾਏ

ਇਹ ਬਹੁਤ ਹੀ ਸਰਲ ਅਤੇ ਸੌਖਾ ਹੈ, ਬਸ krishan@wakeupcall.org 'ਤੇ ਈ-ਮੇਲ ਕਰਕੇ ਇਹ ਦੱਸੋ ਕਿ ਤੁਹਾਡੀ ਬੈਕਗ੍ਰਾਊਂਡ ਕੀ ਹੈ ਅਤੇ ਤੁਸੀਂ ਇਸ ਦੇ ਮੈਂਬਰ ਕਿਉਂ ਬਣਨਾ ਚਾਹੁੰਦੇ ਹੋ।

ਲੋੜ ਬਸ ਏਨੀ ਕੁ ਗੱਲ ਦੀ ਹੈ ਕਿ ਤੁਸੀਂ ਭਾਰਤੀ ਨਾਗਰਿਕ, ਪ੍ਰਵਾਸੀ ਭਾਰਤੀ ਜਾਂ ਫਿਰ ਵਿਦੇਸ਼ ਵਿੱਚ ਵੱਸੇ ਭਾਰਤਵੰਸ਼ੀ ਹੋਵੋ।

ਸਾਡੇ ਗੈਰ-ਸਰਕਾਰੀ ਸੰਗਠਨ ਦੇ ਉਪਰਾਲੇ ਨੂੰ ਦੁਗੁਣਾ ਕਰੋ! ਇਸ ਨੂੰ ਜਿੰਨਾ ਵੀ ਹੋ ਸਕੇ ਵਧਾਓ!

ਸੰਦਰਭ ਅਤੇ ਹੋਰ ਜਾਣਕਾਰੀ ਲਈ ਇਸ ਪੁਸਤਕ ਦੇ ਛੋਟੇ ਲੇਖਾਂ ਦਾ ਅਧਿਐਨ ਕਰੋ।

### ਹੋਰ ਗੈਰਸਰਕਾਰੀ ਸੰਗਠਨਾਂ ਨਾਲ ਨੈੱਟਵਰਕਿੰਗ

*i Watch* ਨਾਲ ਮਿਲਦੇ-ਜੁਲਦੇ ਮੁੱਦਿਆਂ ਉੱਤੇ ਕੰਮ ਕਰਨ ਵਾਲੇ ਭਾਰਤ ਕਿਰਿਆਸ਼ੀਲ ਹੋਰ ਗੈਰਸਰਕਾਰੀ ਸੰਗਠਨਾਂ ਨਾਲ ਅਸੀਂ ਨੈੱਟਵਰਕ ਬਣਾਉਣ ਤੋਂ ਅਲਾਵਾ ਉਹਨਾਂ ਦੇ ਉਪਰਾਲਿਆਂ ਨੂੰ ਫੈਲਾਉਣਾ ਚਾਹਵਾਂਗੇ।

### ਕਾਪੀਰਾਈਟ ਅਤੇ ਪ੍ਰਤੀਰੂਪ

ਇਸ ਪੁਸਤਕ ਵਿੱਚ ਇਕੱਤ੍ਰਿਤ ਸਾਰੀ ਸਮੱਗਰੀ, ਗ੍ਰਾਫ਼ਿਕਸ, ਲੋਗੋ, ਇਮੇਜ, ਡਾਟਾ *i Watch* ਅਤੇ ਹੋਰ ਜਾਣਕਾਰੀ ਦੇਣ ਵਾਲਿਆਂ ਦੀ ਸੰਪਤੀ ਹੈ। ਇਸ ਪੁਸਤਕ ਜਾਂ ਇਸ ਦੇ ਕਿਸੇ ਵੀ ਭਾਗ ਦਾ ਨਾ ਤਾਂ ਪ੍ਰਤੀਰੂਪ ਬਣਾਓ, ਨਕਲ ਕਰੋ, ਪ੍ਰਕਾਸ਼ਿਤ ਕਰੋ, ਪ੍ਰਚਾਰਿਤ ਕਰੋ, ਨਾ ਹੀ ਵਰਤੋਂ ਕਰੋ। ਇਸ ਪੁਸਤਕ ਦੇ ਕਿਸੇ ਵੀ ਭਾਗ ਨੂੰ ਕਿਸੇ ਵੀ ਰੂਪ ਵਿੱਚ ਜਾਂ ਕਿਸੇ ਵੀ ਮਾਧਿਅਮ ਨਾਲ ਜਾਂ ਇਲੈਕਟ੍ਰਾਨਿਕ ਤੌਰ 'ਤੇ *i Watch* ਦੀ ਲਿਖਤੀ ਇਜਾਜ਼ਤ ਅਤੇ ਸਵੀਕ੍ਰਿਤੀ ਦੇ ਬਿਨਾ ਫਿਰ ਤੋਂ ਪ੍ਰਤੀਰੂਪ ਕਰਕੇ ਪੇਸ਼ ਨਹੀਂ ਕੀਤਾ ਜਾ ਸਕਦਾ।

### ਭਾਰਤ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਤੁਹਾਡੀ ਮਦਦ ਦਾ ਸਵਾਗਤ ਹੈ

- ਤੁਹਾਡਾ ਸਮਾਂ ਅਤੇ ਤੁਹਾਡਾ ਉਪਰਾਲਾ
- ਭਾਰਤ ਦੇ ਅੰਦਰ ਅਤੇ ਬਾਹਰ ਤੁਹਾਡੀ ਨੈੱਟਵਰਕਿੰਗ

### ਅੰਤਰਕਿਰਿਆਸ਼ੀਲ ਵਰਕਸ਼ਾਪਾਂ

ਅਸੀਂ ਹੇਠਾਂ ਦਰਸਾਈਆਂ ਅੰਤਰਕਿਰਿਆਸ਼ੀਲ ਵਰਕਸ਼ਾਪਾਂ ਦਾ ਆਯੋਜਨ ਕਰਦੇ ਹਾਂ:-

੧. ਭਾਰਤ ਲਈ ਸੰਬੰਧਿਤ **ਨਿਰਮਾਣ** ਦੀ ਨੀਤੀ

੨. ਭਾਰਤ ਲਈ ਸੰਬੰਧਿਤ **ਸਿੱਖਿਆ** ਨੀਤੀ

੩. **ਵਿਸ਼ਵੀਕਰਨ** ਅਤੇ ਭਾਰਤ ਕਿਸ ਤਰ੍ਹਾਂ +੧੦% ਪ੍ਰਤੀ ਵਰਸ਼ ਦੀ ਦਰ ਨਾਲ ਵਿਕਾਸ ਕਰ ਸਕਦਾ ਹੈ

੪. **ਵਧੀਆ ਰਾਜਪ੍ਰਬੰਧ** ਅਤੇ ਨਾਗਰਿਕਾਂ ਨੂੰ ਇਹ ਕਿੱਦਾਂ ਲਾਭ ਪਹੁੰਚਾਉਂਦਾ ਹੈ

੫. ਪ੍ਰਤੀ ਵਰਸ਼ ੧੦ ਮਿਲੀਅਨ **ਨਵੇਂ ਰੋਜ਼ਗਾਰ ਪੈਦਾ ਕਰਨੇ**

੬. ਕਾਲਜ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ **ਪੈਸਾ ਕਿਵੇਂ ਬਣਾਇਆ ਜਾਏ**

੭. ਸਿੱਖਿਆ ਦੇ ਮਾਧਿਅਮ ਨਾਲ **ਭਾਰਤ ਦੀ ਕਾਇਆਕਲਪ**

ਲੋੜੀਂਦਾ ਘੱਟੋਘੱਟ ਵਕਤ ੯੦ ਤੋਂ ੧੨੦ ਮਿੰਟ ਹੈ। ਅਸੀਂ ੧੮੦ ਮਿੰਟਾਂ ਦੇ ਅੰਤਰਕਿਰਿਆਸ਼ੀਲ ਸੈਸ਼ਨਾਂ ਦੀ ਸਿਫ਼ਾਰਸ਼ ਕਰਦੇ ਹਾਂ।

### ਸੰਪਰਕ ਕਰਨ ਲਈ ਵੇਰਵਾ

*i Watch*
੨੧੧, ਉਲਿੰਪਸ,
ਅਲਟਾਮਾਊਂਟ ਰੋਡ,
ਮੁੰਬਈ ੪੦੦ ੦੨੬, ਭਾਰਤ।

krishan@wakeupcall.org
www.wakeupcall.org

ਫ਼ੋਨ: +੯੧ ੨੨ ੨੩੫੩ ੫੪੬੬
ਮੋਬਾਈਲ: +੯੧ ੯੮੨੧੧੪੦੭੫੬

### ਚੈਰਿਟੀ ਕਮੀਸ਼ਨਰ ਨਾਲ ਰਜਿਸਟ੍ਰੇਸ਼ਨ ਕਰਾਓ

*i Watch* ਇਕ ਰਜਿਸਟਰਡ ਚੈਰਿਟੀ ਹੈ, ਜੋ ਕਿ ਚੈਰਿਟੀ ਕਮਿਸ਼ਨਰ, ਮੁੰਬਈ, ਮਹਾਰਾਸ਼ਟਰ, ਭਾਰਤ ਨਾਲ ਰਜਿਸਟਰਡ ਹੈ। ਫ਼ਾਈਲ ਨੰਬਰ ੩੧੩੦, ੧੮ ਮਈ ੨੦੦੧, ਰਜਿਸਟ੍ਰੇਸ਼ਨ ਨੰ. ਈ-੨੧੪੯੮ ਦਿਨਾਂਕ ੨੯ ਜਨਵਰੀ, ੨੦੦੪।

ਧਾਰਾ ੮੦ਜੀ ਇਨਕਮ ਟੈਕਸ ਛੂਟ ਉਪਲਬਧ ਅਤੇ ਵੈਧ ਹੈ। ਇਸ ਰਾਹੀਂ *i Watch* ਨੂੰ ਕੀਤੇ ਸਭ ਦਾਨਾਂ ਲਈ ੫੦% ਟੈਕਸ ਛੂਟ ਦੀ ਇਜਾਜ਼ਤ ਹੈ।

ਵਿਦੇਸ਼ੀ ਦਾਨਾਂ ਲਈ ਐਫ਼ਸੀਆਰਏ ਮੰਜ਼ੂਰੀ ਪੱਤਰ ਨੰ. ੦੮੩੭੨੦੧੨੨ ਤਾਰੀਖ਼ ੧੩-੦੧-੨੦੦੯ ਨੂੰ ਗ੍ਰਹ ਮੰਤਰਾਲੇ ਵੱਲੋਂ ਪ੍ਰਾਪਤ। ਇਹ ਦਾਨ ਆਰਥਿਕ ਵਿੱਦਿਅਕ ਅਤੇ ਸਮਾਜਕ ਖੇਤਰਾਂ ਅਧੀਨ ਪ੍ਰੋਜੈਕਟਾਂ ਲਈ ਹੈ।

# ਹਵਾਲੇ

## ਜਾਣਕਾਰੀ ਅਤੇ ਆਂਕੜਿਆਂ ਲਈ ਸ੍ਰੋਤ

- World Fact Book -CIA
- *World Development Indicators,* ਪ੍ਰਕਾਸ਼ਨ – World Bank www.worldbank.org
- UNIDO ਪ੍ਰਕਾਸ਼ਨ – www.unido.org
- OECD ਪ੍ਰਕਾਸ਼ਨ – www.oecd.org
- UNESCO ਪ੍ਰਕਾਸ਼ਨ – www.unesco.org
- UNDP ਪ੍ਰਕਾਸ਼ਨ – www.undp.org
- Centre for Civil Society, ਨਵੀਂ ਦਿੱਲੀ – www.ccsindia.org
- ਜਨਗ੍ਰਹ ਫ਼ਾਊਂਡੇਸ਼ਨ, ਬੈਂਗਲੋਰ – www.janaagraha.org
- Indian NGOs.com – www.indianngos.com
- ਕਰਮਯੋਗ ਫ਼ਾਊਂਡੇਸ਼ਨ, ਮੁੰਬਈ – www.karmayog.com
- DEIS, ਪੂਣੇ – www.deispune.org
- Educational Promotion Society of India – www.epsfi.org
- School Choice ਨਵੀਂ ਦਿੱਲੀ – www.schoolchoice.org
- *Statistical Outline of Indila – ੨੦੧੨–੨੦੧੩* ਪ੍ਰਕਾਸ਼ਨ Tata Services Ltd.
- *Business Today,* ਤਾਰੀਖ਼ ੨੮ ਅਪ੍ਰੈਲ, ੨੦੦੨ ੧੯੯੬ ਤੋਂ ੨੦੧੪ ਵਿਚਕਾਰ ਕਈ ਅੰਕ
- *Business World* ਤਾਰੀਖ਼ ੧੦ ਜੂਨ, ੨੦੦੨ ੧੯੯੭ ਤੋਂ ੨੦੧੪ ਵਿਚਕਾਰ ਕਈ ਅੰਕ
- *Business India* ਤਾਰੀਖ਼ ੨੨ ਜੁਲਾਈ, ੨੦੦੨ ੧੯੯੬ ਤੋਂ ੨੦੧੪ ਵਿਚਕਾਰ ਕਈ ਅੰਕ
- *The Ecomomic Times, The Finanical Express, Business Standard & Business Line* ਚੀਨ ਅਤੇ ਭਾਰਤ ਦੀ ਅਰਥਵਿਵਸਥਾ ਅਤੇ ਉਹਨਾਂ ਦੀ ਪਰਸਪਰ ਤੁਲਨਾ 'ਤੇ ਅਨੇਕ ਲੇਖ
- *India Today* ੧੯੯੬ ਤੋਂ ੨੦੧੪ ਵਿਚਕਾਰ ਕਈ ਲੇਖ

## ਚੀਨ ਬਾਰੇ ਪੜ੍ਹਨ ਲਈ ਸੁਝਾਅ

- ਫ਼ਾਰੇਨ ਲੈਂਗੁਏਜਜ਼ ਪ੍ਰੈਸ, ਬੀਜਿੰਗ ਦੁਆਰਾ ਛਾਪੀਆਂ ਗਈਆਂ ਚੀਨ ਬਾਰੇ ਪੁਸਤਕਾਂ, ਵੇਬਸਾਈਟ: www.flp.com.cn
- *ਦਿ ਚਾਈਨੀਜ਼ ਇਕਾਨੋਮੀ ਇਨਟੂ ਦਿ ਟਵੈਂਟੀ ਫ਼ਸਟ ਸੇਂਚੁਰੀ – ਫ਼ੋਰਕਾਸਟਸ ਐਂਡ ਪਾਲਿਸੀਜ਼, ਲੇਖਕ ਲੀ ਜ਼ਿਗਵੇਨ*
- *ਰੀਫ਼ਾਰਮਿੰਗ ਚਾਈਨੀਜ਼ ਸਟੇਟ–ਓਂਡ ਐਂਟਰਪ੍ਰਾਈਸਿਜ਼,*<br>*ਲੇਖਕ ਗਾਵੇ ਸ਼ੈਂਗਕਵਾਨ ਅਤੇ ਸੀ ਫੁਲਿਨ*
- *ਚਾਈਨਾਜ਼ ਇਕਾਨੋਮਿਕ ਰੀਫ਼ਾਰਮ ਐਟ ਦਿ ਟਰਨ ਆਫ਼ ਦਿ ਸੇਂਚੁਰੀ, ਲੇਖਕ ਸ਼ੀ ਫੁਲਿਨ*
- *ਇਨਵੈਸਟਿੰਗ ਇਨ ਚਾਈਨਾ: ਕੁਐਸਚਨਸ ਐਂਡ ਆਂਸਰਜ਼*<br>*ਲੇਖਕ ਪੈਨ ਜ਼ੀਲਾਂਗ ਅਤੇ ਪੈਨ ਸ਼ੀ*
- *ਡੇਲੀ ਚਾਈਨਾ, ਬੀਜ਼ਿੰਗ ਐਡੀਸ਼ਨ ਸਮਾਚਾਰ ਪੱਤਰ*

# *ਕ੍ਰਿਸ਼ਨ ਖੰਨਾ ਅਤੇ i Watch* ਸਨ ੨੦੦੫ ਤੋਂ ੨੦੧੪ ਤਕ ਰਾਸ਼ਟਰੀ ਕਮੇਟੀਆਂ ਵਿੱਚ

੧. **ਪ੍ਰਧਾਨ ਮੰਤਰੀ ਦੀ ਟਾਸਕ ਫ਼ੋਰਸ** – ਰੋਜ਼ਗਾਰ ਉਤਪੱਤੀ ਲਈ ਕੁਸ਼ਲਤਾ ਨਿਰਮਾਣ, ਯੋਜਨਾ ਆਯੋਗ, ਨਵੀਂ ਦਿੱਲੀ

੨. **ਯੋਜਨਾ ਆਯੋਗ**, ਨਵੀਂ ਦਿੱਲੀ – ਸੈਕੰਡਰੀ ਸਿੱਖਿਆ ਅਤੇ ਵਿਵਸਾਇਕ ਸਿੱਖਿਆ 'ਤੇ ੧੧ਵੀਂ ਯੋਜਨਾ ਦਾ ਕਾਰਜ ਸਮੂਹ

੩. **ਮਾਨਵ ਸੰਸਾਧਨ ਵਿਕਾਸ ਮੰਤਰਾਲਾ**, ਨਵੀਂ ਦਿੱਲੀ – ਸੈਕੰਡਰੀ ਸਿੱਖਿਆ ਅਤੇ ਵਿਵਸਾਇਕ ਸਿੱਖਿਆ 'ਤੇ ੧੧ਵੀਂ ਯੋਜਨਾ ਦਾ ਕਾਰਜ ਸਮੂਹ

੪. **ਇਗਨੂ**, ਮਾਨਵ ਸੰਸਾਥਨ ਵਿਕਾਸ ਮੰਤਰਾਲਾ, ਨਵੀਂ ਦਿੱਲੀ – ਦੂਰੀ (ਚਿੱਠੀ–ਪੱਤਰ) ਸਿੱਖਿਆ ਬਾਰੇ ੧੧ਵੀਂ ਯੋਜਨਾ ਦਾ ਕਾਰਜ ਸਮੂਹ

੫. **ਪੀਐਚਡੀਸੀਸੀ ਐਂਡ ਆਈ**, ਨਵੀਂ ਦਿੱਲੀ – ਸਹਿ–ਪ੍ਰਧਾਨ – ਕਮੇਟੀ ਆਨ ਐਜੂਕੇਸ਼ਨ ਐਂਡ ਇੰਡਸਟਰੀ ਕੋ–ਆਪ੍ਰੇਸ਼ਨ

੬. **ਸੀਆਈਆਈ**, ਨਵੀਂ ਦਿੱਲੀ – ਟਾਸਕ ਫ਼ੋਰਸ ਆਨ ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ ਦੇ ਚੇਅਰਮੈਨ ਅਤੇ ਮੈਂਬਰ ਨੇਸ਼ਨਲ ਕਮੇਟੀ ਆਨ ਐਜੂਕੇਸ਼ਨ

੭. **ਫ਼ਿੱਕੀ**, ਨਵੀਂ ਦਿੱਲੀ – ਮੈਂਬਰ ਨੇਸ਼ਨਲ ਕਮੇਟੀ ਆਨ ਐਜੂਕੇਸ਼ਨ

੮. **ਐਸੋਕੈਮ**, ਨਵੀਂ ਦਿੱਲੀ – ਸਹਿ–ਪ੍ਰਧਾਨ ਐਕਸਪਰਟ ਕਮੇਟੀ ਆਨ ਐਜੂਕੇਸ਼ਨ

੯. **ਈਪੀਐਸਆਈ**, ਨਵੀਂ ਦਿੱਲੀ – ਐਜੂਕੇਸ਼ਨਲ ਪ੍ਰੋਮੋਸ਼ਨ ਸੋਸਾਇਟੀ ਆਫ਼ ਇੰਡੀਆ, ਨਵੀਂ ਦਿੱਲੀ – ਚੇਅਰਮੈਨ – ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ ਕਮੇਟੀ

੧੦.**ਪਾਰਲੀਮੈਂਟਰੀ ਕਮੇਟੀ** ਆਨ ਇੰਡਸਟਰੀ ਐਂਡ ਲੇਬਰ, ਨਵੀਂ ਦਿੱਲੀ – ਆਮੰਤ੍ਰਿਤ

੧੧.**ਰੋਟਰੀ ਇੰਟਰਨੇਸ਼ਨਲ**, ਰੋਟਰੀ ਡਿਸਟ੍ਰਿਕਟ ੩੧੪੦, ਬਾਂਬੇ ਮਿਡ ਟਾਊਨ, ਬਾਂਬੇ, ਡਾਇਰੈਕਟਰ ਵੋਕੇਸ਼ਨਲ ਸਰਵਿਸਿਜ਼

੧੨.**ਏਆਈਸੀਟੀਈ**, ਆਲ ਇੰਡੀਆ ਕਾਉਂਸਿਲ ਫ਼ਾਰ ਟੈਕਨੀਕਲ ਐਜੂਕੇਸ਼ਨ, ਮਾਨਵ ਸੰਸਾਧਨ ਮੰਤਰਾਲਾ, ਨਵੀਂ ਦਿੱਲੀ – ਗਵਰਨਿੰਗ ਬੋਰਡ ਆਨ ਵੋਕੇਸ਼ਨਲ ਐਜੂਕੇਸ਼ਨ ਦੇ ਮੈਂਬਰ

੧੩.**ਟਾਈਮਜ਼ ਫ਼ਾਉਂਡੇਸ਼ਨ**, ਨਵੀਂ ਦਿੱਲੀ – ਆਨਰੇਰੀ ਸਲਾਹਕਾਰ – ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ

੧੪.**ਨੇਸ਼ਨਲ ਨਾਲੇਜ ਕਮੀਸ਼ਨ**, ਐਨਕੇਸੀ, ਨਵੀਂ ਦਿੱਲੀ, ਇਨਫ਼ਾਰਮਲ ਐਕਸਚੇਂਜ ਆਫ਼ ਨੋਟਸ ਐਂਡ ਥਾਟ ਪ੍ਰੋਸੈੱਸ

੧੫.**ਮਜ਼ਦੂਰੀ ਅਤੇ ਰੋਜ਼ਗਾਰ ਮੰਤਰਾਲਾ**, ਨਵੀਂ ਦਿੱਲੀ, ਇਨਫ਼ਾਰਮਲ ਐਕਸਚੇਂਜ ਆਫ਼ ਨੋਟਸ ਐਂਡ ਥਾਟ ਪ੍ਰੋਸੈੱਸ

੧੬.**ਪ੍ਰਧਾਨ ਮੰਤਰੀ ਦਾ ਸੈਕਰੇਟੇਰੀਅਟ**, ਨਵੀਂ ਦਿੱਲੀ, ਇਨਫ਼ਾਰਮਲ ਐਕਸਚੇਂਜ ਆਫ਼ ਨੋਟਸ ਐਂਡ ਥਾਟ ਪ੍ਰੋਸੈੱਸ

੧੭.**ਨੇਸ਼ਨਲ ਮੈਨਿਊਫ਼ੈਕਚਰਿੰਗ ਕਾਂਪੀਟੀਟਿਵਨੈੱਸ ਕਾਊਂਸਲ**, ਐਨਐਮਸੀਸੀ, ਨਵੀਂ ਦਿੱਲੀ, ਇਨਫ਼ਾਰਮਲ ਐਕਸਚੇਂਜ ਆਫ਼ ਨੋਟਸ ਐਂਡ ਥਾਟ ਪ੍ਰੋਸੈੱਸ

੧੮.**ਨੇਸ਼ਨਲ ਇੰਸਟੀਚਿਊਟ ਫ਼ਾਰ ਓਪਨ ਸਕੂਲਿੰਗ**, ਐਨਆਈਓਐਸ, ਨਵੀਂ ਦਿੱਲੀ, ਇਨਫ਼ਾਰਮਲ ਐਕਸਚੇਂਜ ਆਫ਼ ਨੋਟਸ ਐਂਡ ਥਾਟ ਪ੍ਰੋਸੈੱਸ

੧੯.**ਆਈਟੀ ਐਂਡ ਕਮਿਊਨੀਕੇਸ਼ਨ ਮੰਤਰਾਲਾ**, ਨਵੀਂ ਦਿੱਲੀ, ਐਚਆਰਡੀ ਡਿਵੀਜ਼ਨ, ਈ–ਇਨਫ਼ਰਾਸਟ੍ਰਕਚਰ ਐਂਡ ਈ–ਲਰਨਿੰਗ – ਐਕਸਪਰਟ ਕਮੇਟੀ ਮੈਂਬਰ

੨੦.**ਸਲਾਹਕਾਰ ਬੋਰਡ – ਐਜੂਕੇਸ਼ਨ ਵਰਲਡ**, ਦਿ ਹਿਊਮਨ ਡਵੈਲਪਮੈਂਟ ਮੈਗਜ਼ੀਨ, ਬੈਂਗਲੋਰ

# ਇਸ ਪੁਸਤਕ ਵਿੱਚ ਵਰਤੇ ਗਏ ਸ਼ਬਦਾਂ ਦੇ ਸੰਖਿਪਤ ਰੂਪ

| | |
|---|---|
| **GOI** | Government of India |
| **MOF** | Ministry of Finance |
| **RBI** | Reserve Bank of India |
| **WB** | World Bank |
| **FDI** | Foreign Direct Investment |
| **SSI** | Small Scale Industry |
| **SME** | Small Medium Enterprise |
| **NGO** | Non-Government Organization |
| **NRI** | Non Resident Indian |
| **NRC** | Non Resident Chinese |
| **PIO** | Person of Indian Origin |
| **Rs.** | Indian rupees |
| **LACS** | Indian measure of value, 1 lac = 1,00,000 |
| **GDP** | Gross Domestic Product |
| **MHRD** | Ministry of Human Resource Development |
| **H&TE** | Higher & Technical Education |
| **VET** | Vocational Education & Training |
| **ESD** | Enterprise Skills Education |
| **P&SE** | Primary & secondary education |
| **SEZ** | Special Economic Zone |
| **VRS** | Voluntary retirement scheme |
| **SQ** | Spiritual Quotient |
| **EQ** | Emotional Quotient |
| **IQ** | Intelligence Quotient |
| **PPP** | Purchasing Power Parity |
| **MP** | Member of Parliament |
| **MLA** | Member Legislative Assembly |
| **CRORES** | Indian measure of value, 1 crore 1,00,00,000 |
| **CII** | Confederation of Indian Industries |
| **FICCI** | Federation of Indian Chambers of Commerce |
| **IMC** | Indian Merchant's Chamber |
| **BCC&I** | Maharashtra Economic Development Corporation |
| **ASSOCHAM** | Associated Chambers of Commerce |
| **PHDCC&I** | PHD Chamber of Commerce & Industry |

# *i Watch* ਪ੍ਰਕਾਸ਼ਨ
# ੧੩ ਭਾਸ਼ਾਵਾਂ ਵਿੱਚ ਉਪਲਬਧ

''ਸੰਬੰਧਿਤ ਸਿੱਖਿਆ ਅਤੇ ਵਿਵਸਾਇਕ ਸਿਖਲਾਈ ਦੁਆਰਾ **ਭਾਰਤ ਦੀ ਕਾਇਆਕਲਪ**'' ਅੰਗ੍ਰੇਜ਼ੀ, ਹਿੰਦੀ, ਉਰਦੂ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਆਸਾਮੀ, ਪੰਜਾਬੀ, ਤਮਿਲ, ਤੇਲੁਗੂ, ਕੰਨੜ ਅਤੇ ਮਲਿਆਲਮ ਵਿੱਚ ਉਪਲਬਧ ਹੈ।

ਅੰਗ੍ਰੇਜ਼ੀ ਭਾਸ਼ਾ ੭% ਭਾਰਤੀ ਹੀ ਸਮਝ ਸਕਦੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਸੰਚਾਰ ਭਾਰਤ ਦੀਆਂ ਸਭ ਪ੍ਰਮੁਖ ਭਾਸ਼ਾਵਾਂ ਵਿੱਚ ਕੀਤਾ ਜਾਏ। ਇਸ ਲਈ ਲਾਜ਼ਮੀ ਹੈ ਕਿ ਅਸੀਂ ਆਪਣੇ ਪ੍ਰਕਾਸ਼ਨ ਸਭ ੧੩ ਭਾਸ਼ਾਵਾਂ ਵਿੱਚ ਪੇਸ਼ ਕਰੀਏ।

ਭਾਰਤ ਵਿੱਚ ਪ੍ਰਸ਼ਾਸਨ ਅਤੇ ਮੇਲਿੰਗ ਚਾਰਜਜ਼ ਰੁ. ੨੦੦ ਪ੍ਰਤੀ ਕਾਪੀ। ਹੋਰ ਦੇਸ਼ਾਂ ਲਈ, ਕਿਰਪਾ ਕਰਕੇ ਵੇਰਵੇ ਲਈ ਪੁਸਤਕ ਦੇ ਬੈਕ ਕਵਰ ਦੇ ਬਾਹਰਲੇ ਪਾਸੇ 'ਤੇ ਵੇਖੋ। ਸਭ ਭੁਗਤਾਨ ਚੈੱਕ ਰਾਹੀਂ *i Watch* ਦੇ ਨਾਂ ਵਿੱਚ ਪੇਸ਼ਗੀ।

ਪੁਸਤਕ ਦੀਆਂ ਭਾਸ਼ਾਈ ਐਡੀਸ਼ਨਾਂ ਲਈ, ਸਾਰੀਆਂ ਪ੍ਰਸ਼ਾਸਨਕ ਅਤੇ ਦੂਜੀਆਂ ਲਾਗਤਾਂ ਪੂਰੀਆਂ ਕਰਨ ਲਈ, ਭਾਰਤ ਅੰਦਰ ਮੁਫ਼ਤ ਡਲਿਵਰੀ ਕਰਨ ਲਈ ਕਿਸੇ ਵੀ ਭਾਰਤੀ ਭਾਸ਼ਾ ਵਿੱਚ ਘੱਟੋਘੱਟ ੧੦੦੦ ਕਾਪੀਆਂ ਛਾਪਣ ਲਈ ਪ੍ਰਤੀ ਛਪਾਈ ਰੁ. ੨੦੦,੦੦੦ ਦੇ ਦਾਨ ਦੀ ਜ਼ਰੂਰਤ ਹੈ। ਹੋਰ ਵੇਰਵੇ ਲਈ ਪੰਨਾ ੯੭ ਵੇਖੋ।

### *i Watch* ਦੇ ਹੋਰ ਪ੍ਰਕਾਸ਼ਨ

*i Watch* ਦੁਆਰਾ ਨੌਂ ਹੋਰ ਮਹੱਤਵਪੂਰਨ ਪ੍ਰਕਾਸ਼ਨ ੧੩ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਉਪਰੋਕਤ ਦਰਸਾਏ ਵਿੱਚੋਂ ੧੨ ਭਾਰਤੀ ਭਾਸ਼ਾਵਾਂ ਸ਼ਾਮਿਲ ਹਨ।

ਮੁਫ਼ਤ ਨਮੂਨੇ ਸਾਡੀ ਵੇਬਸਾਈਟ www.wakeupcall.org ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

੨-ਪੰਨੇ ਵਾਲੇ ਪ੍ਰਕਾਸ਼ਨ ਇਸ ਪ੍ਰਕਾਰ ਹਨ:

੧. **ਭਾਰਤ ਨੂੰ ਇਕ ਗਿਆਨਮੂਲ ਅਰਥ ਵਿਵਸਥਾ ਬਣਾਉਣਾ** ............. ਸਿੱਖਿਆ ਅਤੇ ਮਾਨਵ ਸੰਸਾਧਨ ਵਿਕਾਸ 'ਤੇ
੨. **ਉਹ ਭਾਰਤ – ਜੋ ਤੁਸੀਂ ਸ਼ਾਇਦ ਨਾ ਜਾਣਦੇ ਹੋਵੋ** .................................. ਅਰਥਵਿਵਸਥਾ ਅਤੇ ਰੋਜ਼ਗਾਰ 'ਤੇ
੩. **ਭਾਰਤ ਲਈ ਇਕ-ਸੂਤਰੀ ਕਾਰਜਕ੍ਰਮ** ........................................................ ਚੰਗੇ ਰਾਜ-ਪ੍ਰਬੰਧ 'ਤੇ
੪. **ਸਿੱਖਿਆ ਦੀ ਦੇਵੀ ਸਰਸਵਤੀ ਨੂੰ ਬੰਧਨਾਂ ਤੋਂ ਸੁਤੰਤਰ ਅਤੇ ਜ਼ੰਜੀਰਾਂ ਤੋਂ ਮੁਕਤ ਕਰਨਾ** ......... ਉਚੇਰੀ ਅਤੇ ਤਕਨੀਕੀ ਸਿੱਖਿਆ
੫. *i Watch*... **ਭਾਰਤ ਦੀ ਕਾਇਆਕਲਪ** ......................... *i Watch* ਦੀਆਂ ਗਤੀਵਿਧੀਆਂ ਦਾ ਸੰਖਿਪਤ ਵਿਵਰਨ
੬. **ਸਿੱਖਿਆ ਦਾ ਮਹੱਤਵ** ....................................................... ਸਮੱਗਰਵਾਦੀ ਸਿੱਖਿਆ ਅਤੇ ਐਚਆਰਡੀ
੭. **ਸਿੱਖਿਆ ਦੁਆਰਾ ਭਾਰਤ ਦੀ ਕਾਇਆਕਲਪ** .................. ਉੱਤਮਤਾ ਵੱਲ ਭਾਰਤ ਦੀ ਮਹੱਤਵਪੂਰਨ ਪਹਿਲਕਦਮੀ
੮. **ਭਾਰਤ ਦਾ ਵਿਰੋਧਾਭਾਸ** ................................................... ਵਿੱਦਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਕੀ ਹੈ?
੯. **ਸੰਬੰਧਿਤ ਸਿੱਖਿਆ ਅਤੇ ਸਿਖਲਾਈ** ...................... ਬਿਜ਼ਨਸ ਅਤੇ ੧੦੦ ਉਦਯੋਗ ਨੂੰ ਕੀ ਕਰਨਾ ਚਾਹੀਦਾ ਹੈ?

ਉਪਰੋਕਤ ਨੌਂ ਨੋਟਸ ਦੋ-ਪੰਨੇ ਦੇ ਹਨ, ਜਿਨ੍ਹਾਂ ਵਿੱਚ ੪-ਰੰਗੀ ਯੋਜਨਾ ਵਿੱਚ ਹੈਵੀ ੧੨੦ ਜੀਐਸਐਮ ਆਰਟ ਪੇਪਰ 'ਤੇ ੮.੫" x ੧੧" ਸਾਈਜ਼ ਵਿੱਚ ਛਾਪਿਆ ਗਿਆ ਹੈ। ਹਰੇਕ ਭਾਸ਼ਾ ਵਿੱਚ ਘੱਟੋਘੱਟ ੪,੦੦੦ ਕਾਪੀਆਂ ਛਾਪੀਆਂ ਗਈਆਂ ਹਨ।

ਭਾਰਤ ਵਿੱਚ ਮੁਫ਼ਤ ਡਲਿਵਰੀ ਲਈ ਹਰੇਕ ੨-ਪੰਨੇ ਦੀ ਸਿੰਗਲ ਸ਼ੀਟ ਵਾਲੀਆਂ ੪,੦੦੦ ਪ੍ਰਤੀਆਂ ਨੂੰ ਛਾਪਣ ਅਤੇ ਪ੍ਰਸ਼ਾਸਨਕ ਖ਼ਰਚੇ ਨੂੰ ਸਹਾਰਨ ਲਈ ਰੁ. ੧੫,੦੦੦ ਦੇ ਦਾਨ ਦੀ ਲੋੜ ਹੋਏਗੀ। ਤਦੇ ਭਾਰਤ ਵਿੱਚ ਕਿਤੇ ਵੀ ਉਪਰੋਕਤ ਨੌਂ ਪ੍ਰਕਾਸ਼ਨਾਂ ਵਿੱਚੋਂ ਕਿਸੇ ਨੂੰ ਵੀ ਮੁਫ਼ਤ ਵੰਡਿਆ ਜਾ ਸਕੇਗਾ।

ਜੋ ਵਿਅਕਤੀ ਅਤੇ ਸੰਗਠਨ ਧਾਰਾ ੮੦ਜੀ ਅਨੁਸਾਰ ਇਨਕਮ ਟੈਕਸ ਲਾਭ ਪਾਉਣਾ ਚਾਹੁੰਦੇ ਹਨ, ਉਹ ਸਥਾਨਕ ਚੈੱਕ ਅਤੇ ਮੁੰਬਈ ਵਿੱਚ ਭੁਗਤਾਨਸ਼ੀਲ ਡੀਮਾਂਡ ਡ੍ਰਾਫ਼ਟ *i Watch* ਦੇ ਨਾਂ ਵਿੱਚ ਹੇਠਲੇ ਪਤੇ 'ਤੇ ਭਿਜਵਾਓ।

*i Watch*
੨੧੧, ਓਲਿੰਪਸ
ਅਲਟਾਮਾਊਂਟ ਰੋਡ,
ਮੁੰਬਈ ੪੦੦ ੦੨੬ / ਭਾਰਤ.

For payment by NEFT/RTGS
*i Watch*, account No. 006610110001300
Bank of India, Altamont Road Branch, Mumbai-400 026.
IFSC Code: BKID0000066

# ੧੦% ਤੋਂ ੧੫% ਪ੍ਰਤੀ ਵਰਸ਼ ਦੀ ਜੀਡੀਪੀ ਵ੍ਰਿਧੀ-ਦਰ ਲਈ ਕਾਰਜ ਯੋਜਨਾ

| | **ਅਰਥਵਿਵਸਥਾ ਅੰਦਰ ਵਿਭਿੰਨ ਖੇਤਰਾਂ ਵਿੱਚ ਸੁਝਾਈਆਂ ਗਈਆਂ ਪਹਿਲਕਦਮੀਆਂ** | % |
|---|---|---|
| ੧ | ਰਾਜ-ਪ੍ਰਬੰਧ ਅਤੇ ਪ੍ਰਸ਼ਾਸਨ | ੧੦% |
| ੨ | ਸੰਬੰਧਿਤ ਸਿੱਖਿਆ ਅਤੇ ਸਿਖਲਾਈ -ਪ੍ਰਾਈਮਰੀ, ਅਤੇ ਸੈਕੰਡਰੀ ਸਿੱਖਿਆ | ੧੦% |
| ੩ | ਨਿਰਮਾਣ-ਐਮਐਸਐਮਈ (ਐਮਐਸਐਮਈ ਜੀਡੀਪੀ ਦਾ ੮੦% ਹਨ ਅਤੇ ਐਸਐਸਆਈ ਜੀਡੀਪੀ ਦਾ ਸਿਰਫ਼ ੫% ਹੈ) ਦਾ ਮਹੱਤਵ | ੨੦% |
| ੪ | ਯਾਤਰਾ ਅਤੇ ਟੂਰਿਜ਼ਮ-ਇਕ ਉੱਦਮ ਵਜੋਂ | ੧੦% |
| ੫ | ਸਿਹਤ ਦੇਖਭਾਲ-ਇਕ ਉੱਦਮ ਵਜੋਂ | ੧੦% |
| ੬ | ਸਿੱਖਿਆ ਅਤੇ ਸਿਖਲਾਈ ਇਕ ਉੱਦਮ ਵਜੋਂ-ਵਿਵਸਾਇਕ ਅਤੇ ਉਚੇਰੀ/ਟੈਕਨੀਕਲ/ਮੈਡੀਕਲ ਸਿੱਖਿਆ | ੧੦% |
| ੭ | ਸਾਫ਼ਟਵੇਅਰ ਅਤੇ ਆਈ.ਟੀ. ਇਕ ਉੱਦਮ ਵਜੋਂ | ੧੦% |
| ੮ | ਗ੍ਰਾਮੀਣ ਭਾਰਤ ਵਿੱਚ ਖੇਤੀਬਾੜੀ ਅਤੇ ਸੰਬੰਧਿਤ ਉੱਦਮ | ੨੦% |
| ੯ | ੨, ੩, ੪, ੫, ੬, ੭ ਅਤੇ ੮ ਮੱਦਾਂ ਦੀ ਨਿਰਯਾਤ - **ਅਧਿਕਤਮ**! **ਅਧਿਕਤਮ**! **ਅਧਿਕਤਮ**! ਕਰਨੀ | ↑ |

ਭਾਰਤ ਦੀ ਜੀਡੀਪੀ ਪ੍ਰਤੀ ਵਰਸ਼ ੧,੮੪੩ ਬਿਲੀਅਨ ਅਮਰੀਕੀ ਡਾਲਰ ਹੈ। ਭਾਰਤ ਦੀ ਇਨਫ਼ਰਮੇਸ਼ਨ ਤਕਨਾਲੋਜੀ ਅਤੇ ਸਾਫ਼ਟਵੇਅਰ ਭਾਰਤ ਦੀ ਜੀਡੀਪੀ ਦਾ ੫% ਹੋਏਗਾ।

**ਇਸ ਲਈ ਆਈ.ਟੀ. ਅਤੇ ਸਾਫ਼ਟਵੇਅਰ ਹੀ ਸਭ ਕੁਝ ਨਹੀਂ ਹਨ!**

**ਸਾਨੂੰ ਚਾਹੀਦਾ ਹੈ ਕਿ ਆਰਥਿਕ ਕਿਰਿਆਸ਼ੀਲਤਾ ਦੇ ਬਾਕੀ ੯੫% ਦੇ ਮਹੱਤਵ ਨੂੰ ਸਮਝੀਏ!**

ਇੱਥੇ ਕੁਝ ਮਿਸਾਲਾਂ ਹਨ ਵਿਸ਼ਵ ਅਰਥਵਿਵਸਥਾ ਦੇ ਕੁਝ ਹੋਰ ਸੈਕਟਰਾਂ ਦੀਆਂ, ਸਿਰਫ਼ ਛੇ ਹੀ ਸੈਕਟਰਾਂ ਬਾਰੇ **ਦੱਸਿਆ ਗਿਆ ਹੈ**:

੧. ਵਿਸ਼ਵਵਿਆਪੀ **ਥੋਕ ਅਤੇ ਪਰਚੂਨ** ਬਿਜ਼ਨਸ ਪ੍ਰਤੀ ਵਰਸ਼ ੧੭,੦੦੦ ਬਿਲੀਅਨ ਅਮਰੀਕੀ ਡਾਲਰ। ਆਈ.ਟੀ. ਦਾ ੧੪ ਗੁਣਾ।

੨. **ਨਿਰਮਾਣ** ਬਿਜ਼ਨਸ, ਦੁਨੀਆਂ ਭਰ ਵਿੱਚ ਪ੍ਰਤੀ ਵਰਸ਼ ੧੫,੦੦੦ ਬਿਲੀਅਨ ਅਮਰੀਕੀ ਡਾਲਰ। ਆਈ.ਟੀ. ਦਾ ੧੨ ਗੁਣਾ।

੩. **ਟੂਰਿਜ਼ਮ** ਅਤੇ ਯਾਤਰਾ ਬਿਜ਼ਨਸ, ਦੁਨੀਆਂ ਭਰ ਵਿੱਚ ਪ੍ਰਤੀ ਵਰਸ਼ ੧੦,੦੦੦ ਅਮਰੀਕੀ ਡਾਲਰ। ਆਈ.ਟੀ. ਦਾ ੬ ਗੁਣਾ।

੪. **ਸਿਹਤ ਦੇਖਭਾਲ** ਬਿਜ਼ਨਸ, ਦੁਨੀਆਂ ਭਰ ਵਿੱਚ ਪ੍ਰਤੀ ਵਰਸ਼ ੮,੭੦੦ ਅਮਰੀਕੀ ਡਾਲਰ। ਆਈ.ਟੀ. ਦਾ ੪ ਗੁਣਾ।

੫. **ਸਿੱਖਿਆ** ਬਿਜ਼ਨਸ, ਦੁਨੀਆਂ ਭਰ ਵਿੱਚ ਪ੍ਰਤੀ ਵਰਸ਼ ੯,੦੦੦ ਅਮਰੀਕੀ ਡਾਲਰ। ਆਈ.ਟੀ. ਦਾ ੪ ਗੁਣਾ।

੬. **ਉਸਾਰੀ** ਬਿਜ਼ਨਸ, ਦੁਨੀਆਂ ਭਰ ਵਿੱਚ ਪ੍ਰਤੀ ਵਰਸ਼ ੮,੦੦੦ ਅਮਰੀਕੀ ਡਾਲਰ। ਆਈ.ਟੀ. ਦਾ ੫ ਗੁਣਾ।

**ਆਈ.ਟੀ. ਵਿਸ਼ਵ ਜੀਡੀਪੀ ਦਾ ੨.੦% ਤੋਂ ੨.੫% ਹੈ।** ਭਾਰਤ ਵਿੱਚ ਅਸੀਂ ਆਈ.ਟੀ. ਨੂੰ ਏਨਾ ਮਹੱਤਵ ਕਿਉਂ ਦੇ ਰਹੇ ਹਾਂ?

ਇਸੇ ਕਾਰਨ, ਭਾਰਤ ਵਿੱਚ ਹੋਰ ਖੇਤਰਾਂ ਦੀ ਜੀਡੀਪੀ ਵ੍ਰਿਧੀ ਅਤੇ ਰੋਜ਼ਗਾਰ ਪੈਦਾ ਕਰਨ ਦੀਆਂ ਸੰਭਾਵਨਾਵਾਂ ਤੋਂ ਅਸੀਂ ਖੁੰਝ ਚੁਕੇ ਹਾਂ। ਸਿਰਫ਼ ਨਿਰਮਾਣ ਤੋਂ ਹੀ ਲਗਭਗ ੭੦% ਸਰਕਾਰੀ ਰਾਜਸਵ ਦੀ ਪ੍ਰਾਪਤੀ ਹੁੰਦੀ ਹੈ!

<੧ ਬਿਲੀਅਨ = ੧੦੦੦ ਮਿਲੀਅਨ> <੧ ਮਿਲੀਅਨ = ੧੦ ਲੱਖ> <੧ ਕਰੋੜ = ੧੦੦ ਲੱਖ = ੧੦ ਮਿਲੀਅਨ> <੧ ਅਮਰੀਕੀ ਡਾਲਰ = ਰੁ. ੬੦ (ਲਗਭਗ)>

# ੨੦੧੪-੨੦੧੫ ਲਈ ਆਯੋਜਿਤ ਕੀਤੇ ਗਏ *i Watch* ਪ੍ਰੋਜੈਕਟ

## ਪ੍ਰੋਜੈਕਟ #੧

### ਜਾਗਰੂਕਤਾ ਪੈਦਾ ਕਰਨੀ

### ੧੨ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਨ

ਸਾਡੀ ੧੦੪ ਪੰਨਿਆਂ ਵਾਲੀ ਇਸ ਪੁਸਤਕ ਦੀਆਂ ੧੦੦੦ ਪ੍ਰਤੀਆਂ ਛਾਪਣ ਲਈ ਹਰੇਕ ਭਾਸ਼ਾ ਲਈ ਰੁ. ੨ ਲੱਖ ਦਾ ਖ਼ਰਚਾ ਆਉਂਦਾ ਹੈ। (ਇਸ ਵਿੱਚ ਪੁਸਤਕ ਦਾ ਭਾਸ਼ਾ ਵਿੱਚ ਅਨੁਵਾਦ ਕਰਨ ਦੀ ਲਾਗਤ, ਆਰਟ ਵਰਕ, ਕਾਗ਼ਜ਼ ਅਤੇ ਛਪਾਈ ਦਾ ਖ਼ਰਚ ਵੀ ਸ਼ਾਮਿਲ ਹੈ। ਸਪਾਂਸਰ ਨੂੰ ਆਪਣੇ ਬਾਰੇ ਵਿੱਚ ਲਿਖਣ ਲਈ ਪੰਨੇ ੯੮ ਤੇ ੯੯ ਉੱਤੇ ੨ ਪੰਨੇ ਵੀ ਮਿਲਣਗੇ)।

ਇਸ ਪੁਸਤਕ ਵਿੱਚ ਹੇਠਾਂ ਦਰਸਾਏ ਵਿਸ਼ਿਆਂ 'ਤੇ ੪੭ ਲੇਖ ਹਨ:

੧. **ਰੋਜ਼ਗਾਰ ਉਤਪੱਤੀ**
੨. **ਸਿੱਖਿਆ ਅਤੇ ਮਾਨਵ ਸੰਸਾਧਨ ਵਿਕਾਸ (ਐਚਆਰਡੀ)**
੩. **ਅਰਥਸ਼ਾਸ਼ਤਰ ਅਤੇ ਉੱਦਮ**
੪. **ਪ੍ਰਸ਼ਾਸਨ**

## ਪ੍ਰੋਜੈਕਟ #੧ ਨੂੰ ਲਾਗੂ ਕਰਨ ਦੇ ਪ੍ਰਭਾਵ

**ਸਿਰਫ਼ ੬% ਤੋਂ ੭% ਭਾਰਤੀ ਜਨਤਾ ਅੰਗ੍ਰੇਜ਼ੀ ਸਮਝਦੀ ਹੈ।**

ਜੇ ਸਾਨੂੰ ਸਭ ਭਾਰਤੀਆਂ ਤਕ ਪਹੁੰਚਣਾ ਹੈ, ਤਾਂ ਸਾਨੂੰ ਸਭ ਤੋਂ ਪਹਿਲਾਂ ਹੇਠਲੇ ਅਤੇ ਮਿਹਨਤੀ ਮਜ਼ਦੂਰ ੯੩% ਲੋਕਾਂ ਤਕ ਪਹੁੰਚ ਕੇ ਉਹਨਾਂ ਨਾਲ ਗੱਲ-ਬਾਤ ਕਰਨੀ ਹੋਏਗੀ। **ਸਿਰਫ਼ 'ਕ੍ਰੀਮੀ ਲੇਅਰ' ਵਾਲੀ ੭% ਜਨਤਾ** (ਯਾਨੀ ਉੱਚੇ ਤਬਕੇ ਦੇ ਲੋਕ) ਨਾਲ ਸਲਾਹ-ਮਸ਼ਵਰਾ ਕਰਨ ਨਾਲ ਹੀ ਕੰਮ ਨਹੀਂ ਚਲਣ ਵਾਲਾ।

ਇਸੇ ਲਈ ਅਸੀਂ *ਹਿੰਦੀ, ਉਰਦੂ, ਤਮਿਲ, ਤੇਲੁਗੂ, ਮਲਿਆਲਮ, ਕੰਨੜ, ਗੁਜਰਾਤੀ, ਮਰਾਠੀ, ਆਸਾਮੀ, ਉੜੀਆ, ਬੰਗਾਲੀ ਅਤੇ ਪੰਜਾਬੀ* ਦੀਆਂ ੧੨ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਅਨੁਵਾਦਿਤ ਪੁਸਤਕਾਂ ਦੁਆਰਾ **ਸਿਵਲ ਸਮਾਜ ਦੀ ੯੩% ਬਹੁਮਤ ਜਨਤਾ ਨਾਲ ਸੰਪਰਕ ਕਾਇਮ ਕਰਨ ਦੀ ਹਾਲਤ ਵਿੱਚ** ਆ ਸਕਾਂਗੇ।

ਅਸੀਂ ਵੇਖਿਆ ਹੈ ਕਿ ਸਾਡੇ ਰਾਹੀਂ ਦਿੱਤੀ ਗਈ ਹਰ ਪੁਸਤਕ ਹੋਰ ਅੱਗੇ ੧੦ ਲੋਕਾਂ ਦੇ ਹੱਥਾਂ ਤਕ ਪਹੁੰਚੀ ਅਤੇ ਉਹਨਾਂ ਵਿਅਕਤੀਆਂ ਰਾਹੀਂ ਪੜ੍ਹੀ ਜਾਂਦੀ ਰਹੀ ਹੈ। ਉਹ ਅਕਸਰ ਇਸ ਪੁਸਤਕ ਦਾ ਇਕ ਹਵਾਲਾ ਪੁਸਤਕ ਵਜੋਂ ਵੀ ਸਦਉਪਯੋਗ ਕਰਦੇ ਹਨ।

## ਪ੍ਰੋਜੈਕਟ #੨

### ਸੋਚਣ ਦਾ ਤਰੀਕਾ ਬਦਲਣ ਦੇ ਨਾਲ-ਨਾਲ ਸੁਲਝਾਅ ਵੀ ਪੇਸ਼ ਕਰਨਾ

ਸਾਡੀ ਯੋਜਨਾ ਸਭ ਸਕੂਲਾਂ ਤੇ ਕਾਲਜਾਂ ਦੇ ਅਧਿਆਪਕਾਂ ਤਕ ਪਹੁੰਚਣ ਦੀ ਹੈ। ਸਭ ਪਬਲਿਕ ਲਾਇਬ੍ਰੇਰੀਆਂ, ਲੋਕਲ ਅਤੇ ਇਲਾਕਾਈ ਮੀਡੀਆ, ੩੭,੦੦੦ ਕਾਲਜਾਂ ਅਤੇ ਸਾਰੇ ਭਾਰਤ ਵਿੱਚ ਸਥਿਤ ੨੨੫,੦੦੦ ਉਚਤਰ ਸੈਕੰਡਰੀ ਸਕੂਲਾਂ ਤਕ ਪ੍ਰਵੇਸ਼ ਕਰਨ ਦੀ ਯੋਜਨਾ ਹੈ।

ਸਾਡੀ ਯੋਜਨਾ ਸਾਡੇ ਪ੍ਰਕਾਸ਼ਨਾਂ ਨੂੰ ਹਵਾਲਾ ਅਤੇ ਮਾਰਗਦਰਸ਼ਕ ਸਾਮਗਰੀ ਵਜੋਂ ਵਰਤਦੇ ਹੋਇਆਂ ਭਾਰਤ ਦੇ ਸਭ ਸਕੂਲਾਂ ਅਤੇ ਕਾਲਜਾਂ ਵਿੱਚ ਪਰਸਪਰ ਗੱਲ-ਬਾਤ ਵਾਲੀਆਂ ਵਰਕਸ਼ਾਪਾਂ ਦਾ ਆਯੋਜਨ ਕਰਨ ਦੀ ਹੈ।

ਭਾਰਤ ਵਿੱਚ ੧੭,੦੦,੦੦੦ ਪ੍ਰਾਈਮਰੀ ਸਕੂਲ ਅਤੇ ੨੨੫,੦੦੦ ਉੱਚਤਰ ਹਾਇਰ ਸੈਕੰਡਰੀ ਸਕੂਲ ਹਨ ਅਤੇ ੩੭,੦੦੦ ਕਾਲਜ ਹਨ। ਅਸੀਂ ਇਹਨਾਂ ਸਥਾਨਾਂ 'ਤੇ ਨੌਜਵਾਨ ਪੀੜ੍ਹੀ ਨਾਲ ਗੱਲ-ਬਾਤ ਕਰਨੀ ਚਾਹੁੰਦੇ ਹਾਂ। ਟੀਚਰਾਂ ਨਾਲ ਸੰਵਾਦ ਕਰਕੇ ਪ੍ਰਤੀ ਸਕੂਲ/ਕਾਲਜ ੧੦ ਤੋਂ ੧੦੦ ਪੁਸਤਕਾਂ ਦੇਣੀਆਂ ਚਾਹੁੰਦੇ ਹਾਂ।

## ਪ੍ਰੋਜੈਕਟ #੨ ਲਾਗੂ ਹੋਣ 'ਤੇ ਮਿਲਣ ਵਾਲੇ ਨਤੀਜੇ

੧. **ਮਾਨਵ ਸੰਸਾਧਨ ਵਿਕਾਸ** ਦਾ ਮਹੱਤਵ ਅਰਥਾਤ ਪ੍ਰਾਈਮਰੀ ਤੇ ਸੈਕੰਡਰੀ ਸਕੂਲੀ ਸਿੱਖਿਆ ਸਭ ਨੂੰ ਦਿਵਾਉਣੀ।
੨. ਰੋਜ਼ਗਾਰ ਪੈਦਾ ਕਰਨ ਲਈ **ਵਿਵਸਾਇਕ ਸਿੱਖਿਆ ਤੇ ਸਿਖਲਾਈ** ਸਭ ਨੂੰ ਮਿਲੇ।
੩. **ਉੱਚਤਰ, ਮੈਡੀਕਲ ਅਤੇ ਤਕਨੀਕੀ ਸਿੱਖਿਆ** ਨੂੰ ਪਾਬੰਦੀਆਂ ਤੋਂ ਮੁਕਤ ਕਰਕੇ ਪੂਰੀ ਤਰ੍ਹਾਂ ਸੁਖਾਲੀ ਬਣਾਉਣ ਦੀ ਲੋੜ ਹੈ।
੪. ਸੂਖਮ ਲਘੂ ਮਧਿਅਮ ਉੱਦਮਾਂ ਨੂੰ ਯਾਨੀ **ਐਮਐਸਐਮਈ** ਨੂੰ ਮਹੱਤਵ ਦਿੱਤਾ ਜਾਏ।
੫. **ਨਿਰਯਾਤ** ਵਿੱਚ ਗੁਣਵੱਤਾ, ਲਾਗਤ ਅਤੇ ਪ੍ਰਤੀਯੋਗਤਾ ਬਣਾਈ ਜਾਏ।
੬. **ਚੰਗੇ ਰਾਜ-ਪ੍ਰਬੰਧ** ਉੱਤੇ ਜ਼ੋਰ ਦਿੱਤਾ ਜਾਏ ਅਤੇ ਉਹਨੂੰ ਸਕਸ਼ਮ ਬਣਾ ਕੇ ਭ੍ਰਸ਼ਟਾਚਾਰ ਨੂੰ ਖ਼ਤਮ ਕੀਤਾ ਜਾਏ। ਆਮ ਭਾਰਤੀ ਸ਼ਹਿਰੀ ਦੀ ਜੀਵਨ-ਸ਼ੈਲੀ ਨੂੰ ਉੱਚ ਬਣਾਇਆ ਜਾਏ।

ਭਾਰਤ ਵਿੱਚ ਲਗਭਗ ੪੪ ਮਿਲੀਅਨ ਬੇਰੋਜ਼ਗਾਰ ਲੋਗ ਹਨ, ਜਿਨ੍ਹਾਂ ਦੇ ਨਾਂ ਰੋਜ਼ਗਾਰ ਦਫ਼ਤਰ ਵਿੱਚ ਰਜਿਸਟਰਡ ਹਨ। **ਉਹਨਾਂ ਵਿੱਚੋਂ ਜ਼ਿਆਦਾਤਰ ਕੁਸ਼ਲਤਾਰਹਿਤ ਲੋਕ ਹਨ, ਅਤੇ ਰੋਜ਼ਗਾਰ ਲੈ ਸਕਣ ਦੇ ਯੋਗ ਹੀ ਨਹੀਂ ਹਨ। ਇਸ ਵੇਲੇ ਕਿੰਡਰਗਾਰਟਨ (ਕੇਜੀ) ਤੋਂ ੧੦+੨ ਜਮਾਤਾਂ ਤਕ ਪੜ੍ਹਾਈ ਛੱਡ ਕੇ ਜਾਣ ਵਾਲੇ ਬੱਚਿਆਂ ਦੀ ਸੰਖਿਆ ਕਰੀਬ ੮੯% ਤੋਂ ੯੨% ਹੈ।**

ਸਾਡੀ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕੋਲ ਐਸੀ ਕੋਈ ਵੀ ਯੋਜਨਾ ਨਹੀਂ ਹੈ ਕਿ ਕਿਵੇਂ ਇਸ ੯੦% ਬੇਰੋਜ਼ਗਾਰ ਮਾਨਵ ਪੂੰਜੀ ਨੂੰ ਲਾਭਦਾਇਕ ਰੂਪ ਵਿੱਚ ਰੋਜ਼ਗਾਰ ਦੇ ਕੇ ਉਸਦਾ ਸਦਉਪਯੋਗ ਰਾਸ਼ਟਰ ਦੇ ਨਿਰਮਾਣ-ਕਾਰਜਾਂ ਵਿੱਚ ਕੀਤਾ ਜਾਏ।

ਵਰਤਮਾਨ ਸਿੱਖਿਆ ਪ੍ਰਣਾਲੀ ਵਿੱਚ ਉੱਚ ਪ੍ਰਤੀਸ਼ਤ ਨੰਬਰ ਆਉਣ ਦੀ ਜ਼ਰੂਰਤ ਕਾਰਨ ਬੇਰੋਜ਼ਗਾਰੀ ਦੀ ਇਹ ਹਾਲਤ ਹੋਰ ਵੀ ਖ਼ਰਾਬ ਹੁੰਦੀ ਜਾ ਰਹੀ ਹੈ।

ਜਮਾਤ ੫ਵੀਂ ਅਤੇ ੬ਵੀਂ ਅਤੇ ੧੦, ੧੧ ਤੇ ੧੨ਵੀਂ ਜਮਾਤ ਤਕ ਕਾਰਜਕਾਰੀ ਸਾਖਰਤਾ ਗਿਆਨ ਰੱਖਣ ਵਾਲੀ ਵਿਸ਼ਾਲ ਯੁਵਾ ਮਾਨਵ ਪੂੰਜੀ ਨੂੰ ਬੜੀ ਚੰਗੀ ਤਰਾਂ ਲਾਭਦਾਇਕ ਕੁਸ਼ਲਤਾ ਪ੍ਰਾਪਤ ਮਾਨਵ ਸ਼ਕਤੀ ਵਿੱਚ ਬਦਲਿਆ ਜਾ ਸਕਦਾ ਹੈ। ਇਸ ਲਈ ੫੦੦,੦੦੦ ਵਿਵਸਾਇਕ ਸੰਸਥਾਵਾਂ ਦੀ ਲੋੜ ਹੈ। ਚੀਨ ਵਿੱਚ ੩,੦੦੦ ਵਿਵਸਾਇਆਂ ਵਿੱਚ ਪ੍ਰਤੀ ਵਰਸ਼ ੮੦ ਮਿਲੀਅਨ ਲੋਕਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

ਇਕ ਔਸਤ ਭਾਰਤੀ ਦੀ ਉਮਰ **੨੯** ਸਾਲਾਂ ਦੀ ਹੈ। ਜੇ ਸਾਡੇ ਦੇਸ਼ ਨੂੰ ਇਸ ਵਧੀ ਹੋਈ **ਆਬਾਦੀ ਦਾ ਫ਼ਾਇਦਾ** ਲੈਣਾ ਹੈ, ਤਾਂ ਜਿੰਨੀ ਜਲਦੀ ਹੋ ਸਕੇ, ਸਾਡੇ ਨੌਜਵਾਨਾਂ ਨੂੰ ''ਕੁਸ਼ਲਤਾ ਪ੍ਰਾਪਤ'' ਬਣਾਉਣਾ ਹੋਏਗਾ।

**ਜ਼ਿਆਦਾਤਰ ਦੇਸ਼ਾਂ ਵਿੱਚ ਕਰੀਬ ੭੦% ਤੋਂ ੯੬% ਮਿਹਨਤ-ਮਜ਼ਦੂਰੀ ਸ਼ਕਤੀ 'ਕੁਸ਼ਲਤਾ ਗਿਆਨ' ਨਾਲ ਲੈਸ ਹੈ।** ਜਦ ਕਿ ਭਾਰਤ ਵਿੱਚ, ਕੁਝ ਬਿਹਤਰ ਰਾਜਾਂ ਵਿੱਚ ਮੁਸ਼ਕਿਲ ਨਾਲ ੩% ਤੋਂ ੧੦% ਲੋਕਾਂ ਨੂੰ ਇਹ ਗਿਆਨ ਪ੍ਰਾਪਤ ਬਣਾਉਣ ਦਾ ਅਨੁਮਾਨ ਮਿਲਦਾ ਹੈ। ਜੇ ਭਾਰਤ ਨੂੰ ਵਿਸ਼ਵੀ ਰੂਪ ਵਿੱਚ ਕੁਸ਼ਲਤਾ ਗਿਆਨ ਨਾਲ ਸੁਸੱਜਿਤ ਕਰਨਾ ਹੈ, ਤਾਂ **ਕਾਰਜਸ਼ਕਤੀ ਦੀ ਉਤਪਾਦਕਤਾ ਨੂੰ ਵਧਾਉਣ ਲਈ ਉਹਨਾਂ ਦੀ ਕੁਸ਼ਲਤਾ ਗੁਣਵੱਤਾ ਨੂੰ ਵਧਾਉਣਾ ਹੀ ਹੋਏਗਾ।**

ਜੇ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਵਿਕਾਸਸ਼ੀਲ ਦੇਸ਼ਾਂ ਨਾਲ ਵੀ ਤੁਲਨਾ ਕੀਤੀ ਜਾਏ, ਤਾਂ ਸਾਡੀ ਮੌਜੂਦਾ ਮਜ਼ਦੂਰੀ ਉਤਪਾਦਕਤਾ ਬਹੁਤ ਹੀ ਹੇਠਲੇ ਦਰਜੇ ਦੀ ਹੈ। ਜਦ ਕਿ ਸਾਡੇ ਦੇਸ਼ ਵਿੱਚ ਮਜ਼ਦੂਰੀ ਅਤੇ ਤਨਖ਼ਾਹ ਸਾਡੀ ਅਸਲੀ ਮੁਦਰਾਸਫ਼ੀਤੀ ਦੀ ਤੁਲਨਾ ਵਿੱਚ ਕਈ ਗੁਣਾ ਵਧਦੀ ਜਾ ਰਹੀ ਹੈ।

ਇਹ ਇਕ ਖ਼ਤਰਨਾਕ ਰਵੱਈਆ ਹੈ, ਜੋ ਭਾਰਤ ਨੂੰ ਨਿਵੇਸ਼ ਦੇ ਪੱਖੋਂ, ਉਹ ਚਾਹੇ ਘਰੇਲੂ ਹੋਵੇ ਜਾਂ ਵਿਦੇਸ਼ੀ ਬਿਜ਼ਨਸ ਵਿੱਚ ਹੋਵੇ, ਇਕ ਮਾੜੀ ਮੰਜ਼ਿਲ ਵੱਲ ਲੈ ਜਾ ਸਕਦਾ ਹੈ।

**ਭਾਰਤ ਕੇਵਲ ਖ਼ਰੀਦਣ ਸ਼ਕਤੀ ਸਮਾਨਤਾ (ਪੀਪੀਪੀ) ਦਾ ਹੀ ਲਾਭ ਉਠਾ ਸਕਦਾ ਹੈ,** ਜੇ ਉਹ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਉੱਚ ਕੁਸ਼ਲਤਾਪ੍ਰਾਪਤ ਜਨਸ਼ਕਤੀ ਹਰ ਗੁਣਵੱਤਾ ਖੇਤਰ ਵਿੱਚ ਪੈਦਾ ਕਰੇ। ਜੋ ਵਿੱਦਿਆਰਥੀ ੧੦+੨ ਪ੍ਰੀਖਿਆ ਪਾਸ ਕਰ ਲੈਂਦੇ ਹਨ, ਉਹਨਾਂ ਵਿੱਚੋਂ ਕਰੀਬ ੯੮% ਅਕਸਰ ਬੀ.ਏ. ਲਈ ਕਾਲਜ ਚੁਣਦੇ ਹਨ, ੭੧% ਬੀਐਸਸੀ ਕਰਦੇ ਹਨ, ਜਦ ਕਿ ੧੮% ਬੀ.ਕਾਮ.।

ਸਾਡੇ ਕੋਲ ਤਥਾਕਥਿਤ **'ਸਿੱਖਿਅਤ ਬੇਰੋਜ਼ਗਾਰ'** ਹਨ, ਜਿਨ੍ਹਾਂ ਨੂੰ **ਰੋਜ਼ਗਾਰ ਵਿੱਚ ਲਗਾਇਆ ਹੀ ਨਹੀਂ** ਜਾ ਸਕਦਾ।

**ਸਾਡੇ ਪ੍ਰਕਾਸ਼ਨਾਂ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਉਹ ਨੌਜਵਾਨਾਂ, ਸਿਵਲ ਸਮਾਜ, ਅਧਿਆਪਕਾਂ ਅਤੇ ਰੋਜ਼ਗਾਰਦਾਤਾਵਾਂ ਦੀ ਸੋਚ ਵਿੱਚ ਐਸਾ ਬਦਲਾਅ ਲਿਆਉਣ ਕਿ ਉਹ ਹੁਨਰ ਅਤੇ ਕੁਸ਼ਲ ਕਾਰੀਗਰੀ ਨੂੰ ਮਹੱਤਵ ਦੇਣ ਨਾ ਕਿ ਸਿਰਫ਼ ਮਾਰਕ ਸ਼ੀਟਾਂ ਨੂੰ!**


## *i Watch*

੨੧੧, ਓਲਿੰਪਸ, ਅਲਟਾਮਾਊਂਟ ਰੋਡ, ਮੁੰਬਈ - ੪੦੦ ੦੨੬
**ਟੈਲੀਫ਼ੋਨ:** +੯੧ ੨੨ ੨੩੫੩ ੫੪੬੬ **ਫ਼ੈਕਸ:** +੯੧ ੨੨ ੨੩੫੩ ੬੭੮੨
**ਈ-ਮੇਲ:** krishan@wakeupcall.org **ਵੈਬਸਾਈਟ:** www.wakeupcall.org


*ਦੇਸੀ ਸ੍ਰੋਤਾਂ ਤੋਂ ਦਾਨ ਸਵੀਕਾਰ ਕੀਤੇ ਜਾਂਦੇ ਹਨ। ਚੈੱਕ ਸਿਰਫ਼ i Watch ਦੇ ਨਾਂ ਵਿੱਚ ਕੱਟੇ ਜਾਣੇ ਚਾਹੀਦੇ ਹਨ ਅਤੇ ਉਪਰੋਕਤ ਪਤੇ ਉੱਤੇ ਭੇਜੇ ਜਾਣ।*

Sundaram®
Education Revolution

Eclass™
Secret to success

# ਡਿਜੀਟਲ ਸਕੂਲੀ ਵਿੱਦਿਆ ਰੁ. ੧੦੦ ਪ੍ਰਤੀ ਵਿੱਦਿਆਰਥੀ ਪ੍ਰਤੀ ਵਰਸ਼ 'ਤੇ ਜਾਂ US$ ੨ ਪ੍ਰਤੀ ਵਿੱਦਿਆਰਥੀ ਪ੍ਰਤੀ ਵਰਸ਼

- ***ਈ-ਕਾਲਾਸ*** ਪੈੱਨ ਡ੍ਰਾਈਵ ਵਿੱਚ ਉਪਲਬਧ, ਅਧਯਾਇ ਅਨੁਸਾਰ ਆਡੀਓ ਵਿਜ਼ੂਅਲ ਐਨੀਮੇਟਿਡ ਪਾਠ ਸਾਮਗਰੀ ਹੈ, ਜਿਸ ਨੂੰ ਇਕ ਛੋਟੇ ਮਲਟੀਮੀਡੀਆ ਪਲੇਅਰ ***ਈਬਾਕਸ*** ਰਾਹੀਂ ਟੀਵੀ ਉੱਤੇ ਚਲਾਇਆ ਜਾ ਸਕਦਾ ਹੈ।
- ਇਹ ਮਹਾਰਾਸ਼ਟਰ ਰਾਜ ਬੋਰਡ ਦੀ ਪਹਿਲੀ ਤੋਂ ਦਸਵੀਂ ਜਮਾਤ ਤਕ ਦੀ ਅੰਗ੍ਰੇਜ਼ੀ, ਮਰਾਠੀ ਅਤੇ ਅਰਧ ਅੰਗ੍ਰੇਜ਼ੀ ਮਾਧਿਅਮ ਰਾਹੀਂ ਸਭ ਵਿਸ਼ਿਆਂ ਦੀ (ਬਿਨਾ ਭਾਸ਼ਾਵਾਂ ਦੇ) ਪੜ੍ਹਾਈ ਲਈ ਇਕ ਨਵੀਂ-ਅਨੂਠੀ ਸਾਮਗਰੀ ਹੈ।
- ***ਈ-ਕਲਾਸ*** ਵਿੱਚ ਹਰੇਕ ਵਿਸ਼ੇ ਬਾਰੇ ਵਰਚੁਅਲ ਜਮਾਤ ਵਿੱਚ ਇਕ ਵਾਸਤਵਿਕ ਅਧਿਆਪਕ ਉਪਲਬਧ ਹੁੰਦਾ ਹੈ ਜੋ ਕਿ ਹਰ ਅਧਿਆਇ ਨੂੰ ਦਿਲਚਸਪ ਤਰੀਕੇ ਨਾਲ ਪੜ੍ਹਾਉਂਦਾ ਹੈ ਜਿਸ ਨਾਲ ਇਹ ਪੜ੍ਹਾਈ ਵੀ ਫ਼ਿਲਮ ਵੇਖਣ ਵਰਗੀ ਹੀ ਮਹਿਸੂਸ ਹੁੰਦੀ ਹੈ। ਇੱਥੇ ਸਵਾਲ-ਜਵਾਬ ਲਈ ਵੀ ਮਾਈਂਡ ਮੈਪ ਵਰਗੀਆਂ ਖ਼ੂਬੀਆਂ ਹਨ।
- ***ਈ-ਕਲਾਸ*** ਨੂੰ ਸੌਖਿਆਂ ਹੀ ਪੀਸੀ, ਲੈਪਟਾਪ, ਸਕੂਲ ਸਰਵਰ ਆਦਿ ਉੱਤੇ ਵੀ ਲੋਡ ਕੀਤਾ ਜਾ ਸਕਦਾ ਹੈ।
- ***ਈ-ਕਲਾਸ*** ਇਕ ਅਨੂਠੀ ਪਾਠ-ਸਾਮਗਰੀ ਹੈ ਜੋ ਕਿ ਸਭ ਲਈ ਉਪਯੋਗੀ ਹੈ ਚਾਹੇ ਤੁਸੀਂ ਵਿਦਿਆਰਥੀ ਹੋਵੋ, ਮਾਤਾ-ਪਿਤਾ ਹੋਵੋ, ਅਧਿਆਪਕ, ਸਕੂਲ, ਕੋਚਿੰਗ ਸੰਸਥਾ, ਕਾਰਪੋਰੇਟ, ਐਨਜੀਓ ਜਾਂ ਫਿਰ ਭਾਰਤ ਦੇ ਪੇਂਡੂ ਜਾਂ ਅਰਧ-ਸ਼ਹਿਰੀ ਹਲਕਿਆਂ ਵਿੱਚ ਸਿੱਖਿਅਤ ਨੌਜਵਾਨ ਹੋਵੋ।

## ***ਈ-ਕਲਾਸ ਦੇ ਫ਼ਾਇਦੇ***

- ***ਈ-ਕਲਾਸ*** ਵਿੱਦਿਆਰਥੀਆਂ ਲਈ ਬਹੁਤ ਹੀ ਲਾਭਕਾਰੀ ਹੈ ਕਿਉਂਕਿ ਉਹ ਵਿਸ਼ੇ ਨੂੰ ਸਿਰਫ਼ ਰੱਟਾ ਲਗਾਉਣ ਦੇ ਥਾਂ ਇਕ ਬਹੁਤ ਹੀ ਅਲੱਗ ਅਤੇ ਸਿੱਖਣ ਦੀ ਪੱਧਤੀ 'ਤੇ ਆਧਾਰਿਤ ਤਰੀਕੇ ਨਾਲ ਸਿੱਖ ਕੇ ਸ਼ੱਮਤਾ ਪ੍ਰਾਪਤ ਕਰ ਸਕਦੇ ਹਨ।
- ***ਈ-ਕਲਾਸ*** ਅਧਿਆਪਕਾਂ ਦੇ ਉਪਲਬਧ ਨਾ ਹੋਣ ਦੀ ਵਧਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਵੀ ਕਾਫ਼ੀ ਉਪਯੋਗੀ ਹੈ। ਨਾਲ ਹੀ ਇਹ ਲਾਭਕਾਰੀ ਐਨੀਮੇਸ਼ਨ ਯੁਕਤ ਵਿਜ਼ੂਅਲ ਉਪਲਬਧ ਕਰਾਉਂਦੇ ਹੋਇਆਂ ਅਧਿਆਪਕਾਂ ਨੂੰ ਮੁਸ਼ਕਿਲ ਵਿਸ਼ਿਆਂ ਨੂੰ ਸੌਖ ਨਾਲ ਸਮਝਾਉਣ ਵਿੱਚ ਮਦਦ ਕਰਦਾ ਹੈ ਜਿਸ ਦੀ ਬਦੌਲਤ ਵਿੱਦਿਆਰਥੀ ਉਹਨਾਂ ਨੂੰ ਸਰਲਤਾ ਨਾਲ ਸਮਝ ਸਕਦੇ ਹਨ।
- ***ਈ-ਕਲਾਸ*** ਵਿੱਦਿਆ ਨੂੰ ਸਰਲ, ਸੌਖੀ, ਅਨੰਦਮਈ ਅਤੇ ਪੂਰੀ ਤਰ੍ਹਾਂ ਤਣਾਅਰਹਿਤ ਪ੍ਰਕਿਰਿਆ ਬਣਾਉਂਦਾ ਹੈ ਜਿਸ ਕਾਰਨ ਵਿੱਦਿਆਰਥੀਆਂ ਦੀ ਸਫਲਤਾ ਦਰ ਵਧਦੀ ਹੈ ਅਤੇ ਪੜ੍ਹਾਈ ਨੂੰ ਵਿੱਚ ਹੀ ਛੱਡੇ ਬਿਨਾ ਅੱਗੇ ਹੋਰ ਪੜ੍ਹਨ ਦਾ ਪ੍ਰੋਤਸਾਹਨ ਮਿਲਦਾ ਹੈ।

## ***ਈ-ਕਲਾਸ ਦੀ ਵਿਚਾਰਧਾਰਾ***
## ***ਸਭ ਨੂੰ ਇਕਸਮਾਨ ਵਿੱਦਿਆ ਪ੍ਰਾਪਤ ਹੋਵੇ***





**ਪਰੀਵਰਤਨ ਨੂੰ ਦਿਸ਼ਾ ਪ੍ਰਦਾਨ ਕਰੋ, ਸਾਨੂੰ ਇੱਥੇ ਕਾਲ ਕਰੋ ੦੨੨-੬੧੧੯੩੦੩੦**
**ਜਾਂ ਇੱਥੇ ਲਾਗਆਨ ਕਰੋ www.e-class.in, www.eclassonline.in**

Sundaram®
Education Revolution

Eclass™
Secret to success




**ਟੀਵੀ**

*ਈ-ਕਲਾਸ* ਪੈੱਨ ਡ੍ਰਾਈਵ ਨੂੰ ਈ-ਬਾਕਸ ਨਾਲ ਜੋੜ ਕੇ ਪਾਠ ਸਾਮਗਰੀ ਨੂੰ ਟੀਵੀ ਉੱਤੇ ਸਿੱਧਾ ਵੇਖਿਆ ਜਾ ਸਕਦਾ ਹੈ।



**ਕੰਪਿਊਟਰ ਅਤੇ ਲੈਪਟਾਪ**

ਪਾਠ-ਸਾਮਗਰੀ ਨੂੰ ਵੇਖਣ ਲਈ *ਈ-ਕਲਾਸ* ਪੈੱਨ ਡ੍ਰਾਈਵ ਨੂੰ ਕੰਪਿਊਟਰ 'ਤੇ ਸਿੱਧਾ ਜੋੜਿਆ ਜਾਂਦਾ ਹੈ।




**ਸਰਵਰ ਸਿਸਟਮ**

*ਈ-ਕਲਾਸ* ਨੂੰ ਸਕ੍ਰੀਨ ਸਿਸਟਮ ਜਾਂ ਲੈਨ ਸਿਸਟਮ ਦੁਆਰਾ ਸਕੂਲਾਂ ਵਿੱਚ ਇਨਸਟਾਲ ਕੀਤਾ ਜਾ ਸਕਦਾ ਹੈ। *ਈ-ਕਲਾਸ* ਨੂੰ ਕੰਪਿਊਟਰ ਲੈਬਜ਼ ਵਿੱਚ ਵੀ ਵਰਤਿਆ ਜਾ ਸਕਦਾ ਹੈ।



**ਪ੍ਰੋਜੈਕਟਰ ਸਕ੍ਰੀਨ**

*ਈ-ਕਲਾਸ* ਨੂੰ ਸਿੱਧਾ ਈ-ਬਾਕਸ ਦੁਆਰਾ ਪ੍ਰੋਜੈਕਟਰ ਉੱਤੇ ਵੀ ਵੇਖਿਆ ਜਾ ਸਕਦਾ ਹੈ।

## ਆਨਲਾਈਨ ਲਰਨਿੰਗ ਪੋਰਟਲ : www.eclassonline.in




- ਸਾਡੀ ਵੇਬਸਾਈਟ 'ਤੇ ਲਾਗਆਨ ਕਰੋ ਅਤੇ ਆਪਣੀ ਸਹੂਲਤ ਅਤੇ ਸਮੇਂ ਅਨੁਸਾਰ ਆਨਲਾਈਨ ਸਿੱਖੋ।
- ਤੁਹਾਡੀਆਂ ਲੋੜਾਂ ਅਨੁਸਾਰ ਆਕਰਸ਼ਕ ਪੈਕੇਜਜ਼।
- ਰਜਿਸਟ੍ਰੇਸ਼ਨ 'ਤੇ ਸਭ ਸਟੈਂਡਰਡਜ਼ ਲਈ ਮੁਫ਼ਤ ਡੇਮੋ ਪੈਕੇਜ।
- ਸੋਸ਼ਲ ਨੈੱਟਵਰਕਿੰਗ ਅਤੇ ਸਿੱਖਿਅਕ ਸਾਮਗਰੀ।
- ਆਪਣੇ ਦੋਸਤਾਂ ਨੂੰ ਜੋੜੋ, ਪ੍ਰੋਜੈਕਟਾਂ ਨੂੰ ਸਾਂਝਿਆਂ ਕਰੋ, ਟੇਲੈਂਟ ਜ਼ੋਨ, mcq, ਲੇਖ ਅਤੇ ਹੋਰ ਵੀ ਬਹੁਤ ਕੁਝ।
- ਨੈਕਸਟ ਜਨਰੇਸ਼ਨ ਈ-ਲਰਨਿੰਗ ਪੋਰਟਲ ਨੋਟਸ ਅਤੇ ਮਾਈਂਡ ਮੈਪ ਹੋਰ ਵੀ ਬਹੁਤ ਸਾਰੀਆਂ ਖ਼ੂਬੀਆਂ ਦੇ ਨਾਲ।
- ਈ-ਕਲਾਸ ਆਨਲਾਈਨ - ਆਨਲਾਈਨ ਸਿੱਖਿਆ ਦੁਆਰਾ ਰਾਸ਼ਟਰ ਦਾ ਸਸ਼ਕਤੀਕਰਨ।

**ਪਰੀਵਰਤਨ ਨੂੰ ਦਿਸ਼ਾ ਪ੍ਰਦਾਨ ਕਰੋ, ਸਾਨੂੰ ਇੱਥੇ ਕਾਲ ਕਰੋ ੦੨੨-੬੧੧੬੩੦੩੦**
**ਜਾਂ ਇੱਥੇ ਲਾਗਆਨ ਕਰੋ www.e-class.in, www.eclassonline.in**

# *i Watch* ਵੱਲੋਂ ਸੀਐਸਆਰ ਪ੍ਰੋਜੈਕਟ

**੧. ਪ੍ਰੋਜੈਕਟ ੧ ਅਤੇ ੨...** ਸੋਚ ਵਿੱਚ ਬਦਲਾਅ ਅਤੇ ਨੌਜਵਾਨਾਂ ਤੇ ਬੇਰੋਜ਼ਗਾਰਾਂ ਨੂੰ ਸੁਲਝਾਵਾਂ ਦੀ ਪੇਸ਼ਕਸ਼–ਸਿਵਲ ਸਮਾਜ ਨੂੰ ਸਾਡੀ ੧੦੮ ਪੰਨਿਆਂ ਦੀ ਪੁਸਤਕ ਦੀ ਵੰਡ। **ਪ੍ਰੋਜੈਕਟ #੧ ਅਤੇ #੨** 'ਤੇ ਅਮਲ ਕਰਨ ਦਾ ਪ੍ਰਭਾਵ

- ***ਮਾਨਵ ਸੰਸਾਧਨ ਵਿਕਾਸ*** *ਦਾ ਮਹੱਤਵ, ਯਾਨੀ ਸਭ ਲਈ ਪ੍ਰਾਈਮਰੀ-ਪੂਰਬ, ਪ੍ਰਾਈਮਰੀ ਅਤੇ ਸੈਕੰਡਰੀ ਵਿੱਦਿਆ*
- *ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ* ***ਵਿਵਸਾਇਕ ਸਿੱਖਿਆ ਤੇ ਸਿਖਲਾਈ*** *ਦਾ ਮਹੱਤਵ*
- *ਉਚੇਰੀ, ਮੈਡੀਕਲ ਅਤੇ ਟੈਕਨੀਕਲ ਵਿੱਦਿਆ ਉੱਤੋਂ* ***ਪੂਰੀ ਤਰ੍ਹਾਂ ਕੰਟਰੋਲ ਹਟਾਉਣ*** *ਦੀ ਲੋੜ*
- ***ਐਮਐਸਐਮਈ*** *ਜਾਂ ਸੂਖਮ ਛੋਟੇ ਵਿਚਕਾਰਲੇ ਉੱਦਮਾਂ ਦਾ ਮਹੱਤਵ*
- ***ਗੁਣਵੱਤਾ, ਲਾਗਤ ਅਤੇ ਪ੍ਰਤੀਯੋਗਤਾ ਲਈ ਨਿਰਯਾਤ*** *ਦਾ ਮਹੱਤਵ*
- *ਭਾਰਤ ਦੀ ਆਮ ਜਨਤਾ ਦੇ ਜੀਵਨ ਦੀ ਗੁਣਵੱਤਾ ਨੂੰ ਸੁਧਾਰਨ ਅਤੇ ਭ੍ਰਿਸ਼ਟਾਚਾਰ ਦਾ ਸਫ਼ਾਇਆ ਕਰਨ ਲਈ* ***ਚੰਗੇ ਰਾਜ-ਪ੍ਰਬੰਧ*** *ਦਾ ਮਹੱਤਵ ਅਤੇ ਇਸ ਦੀ ਜ਼ਰੂਰਤ*
- ਵੇਰਵੇ ਲਈ ਵੇਖੋ ਸਾਡੀ ਪੁਸਤਕ – ਭਾਰਤ ਦੀ ਕਾਇਆਕਲਪ ਦਾ ਪੰਨਾ ੯੭

**੨.** ਬੇਰੋਜ਼ਗਾਰਾਂ ਲਈ **ਰੋਜ਼ਗਾਰ ਉਤਪੱਤੀ**

**ਸੇਵਾਵਾਂ, ਉਤਪਾਦਨ ਅਤੇ ਖੇਤੀਬਾੜੀ** ਦੇ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਅਸੀਂ ਤੁਹਾਡੇ ਬਲਾਕ/ਜ਼ਿਲੇ/ਰਾਜ ਵਿੱਚ ਵਿਵਸਾਇਕ ਸਿੱਖਿਆ ਅਤੇ ਸਿਖਲਾਈ ਕੇਂਦਰ ਸਥਪਿਤ ਕਰਨ ਵਿੱਚ ਸਹਿਯੋਗ ਅਤੇ ਮਾਰਗਦਰਸ਼ਨ ਕਰ ਸਕਦੇ ਹਾਂ। ਇਸ ਲਈ ਅਸੀਂ ਸਥਾਨਕ ਸਿਖਲਾਈ ਕੰਪਨੀਆਂ ਅਤੇ ਜਰਮਨੀ ਤੇ ਸਵਿਸ ਸਕਿੱਲ ਬਿਲਡਿੰਗ ਆਰਗੇਨਾਈਜ਼ੇਸ਼ਨ ਨਾਲ ਗਠਬੰਧਨ ਕੀਤਾ ਹੈ। ਇਹ ਅੰਤਰਰਾਸ਼ਟਰੀ ਕੋਰਸ ਭਾਰਤੀ ਵਰਤੋਂਕਾਰਾਂ ਲਈ ਉਪਲਬਧ ਕਰਾਏ ਜਾ ਸਕਦੇ ਹਨ। ਦਰਖ਼ਾਸਤ ਕਰਨ 'ਤੇ ਵਿਸਤ੍ਰਿਤ ਜਾਣਕਾਰੀ ਉਪਲਬਧ।

**੩. ਡਿਜੀਟਲ ਸਕੂਲੀ ਵਿੱਦਿਆ ਰੁ. ੧੦੦** ਪ੍ਰਤੀ ਵਿੱਦਿਆਰਥੀ ਪ੍ਰਤੀ ਵਰਸ਼ ਜਾਂ **US$ 2** ਪ੍ਰਤੀ ਵਿੱਦਿਆਰਥੀ ਪ੍ਰਤੀ ਵਰਸ਼ 'ਤੇ

**ਈ-ਕਲਾਸ ਐਜੂਕੇਸ਼ਨ ਸਿਸਟਮ ਲਿ.** ਕੋਲ ਇਕ ਘੱਟ ਲਾਗਤੀ ਹਾਈ-ਟੈੱਕ ਟੈਕਨਾਲੋਜੀ **ਈ-ਕਲਾਸ** ਹੈ, ਜਿਸ ਅਧੀਨ ਸਕੂਲਾਂ ਨੂੰ ਕਰੀਬ **ਰੁ. ੧੦੦ ਪ੍ਰਤੀ ਵਿੱਦਿਆਰਥੀ ਪ੍ਰਤੀ ਵਰਸ਼** ਦੀ ਲਾਗਤ 'ਤੇ ਸ਼ਾਮਿਲ ਕੀਤਾ ਜਾ ਸਕਦਾ ਹੈ। **ਇੱਥੇ ਕਿਸੇ ਕੰਪਿਊਟਰ ਅਤੇ ਇੰਟਰਨੈੱਟ ਦੀ ਲੋੜ ਨਹੀਂ ਪੈਂਦੀ, ਕੇਵਲ ਟੀਵੀ ਮੌਜੂਦ ਹੋਣਾ** ਹੀ ਕਾਫ਼ੀ ਹੈ। ਕੋਰਸ ਜਮਾਤ ੧ ਤੋਂ ੧੦ ਤਕ ਲਈ ਰਾਜ ਸਿੱਖਿਆ ਬੋਰਡ ਅਨੁਸਾਰ ਹੈ।

**੪. ਇੰਟਰਨੈੱਟ ਆਧਾਰਿਤ ਹਾਇਰ ਸੈਕੰਡਰੀ ਸਿੱਖਿਆ** ਜਮਾਤ ੯, ੧੦, ੧੧ ਅਤੇ ੧੨ ਲਈ ਭੌਤਿਕੀ-ਰਸਾਇਣ-ਗਣਿਤ ਵਿੱਚ ਵਿਗਿਆਨ ਦੀ ਸਿੱਖਿਆ। ੧੧ ਭਾਰਤੀ ਭਾਸ਼ਾਵਾਂ ਵਿੱਚ ਈ-ਕਾਂਟੈਂਟ ਦਾ ਸਮਰਥਨ ਅਤੇ ਕਿਸੇ ਵੀ ਵਿਸ਼ੇ ਲਈ ਵਰਤੇ ਜਾ ਸਕਨ ਦੀ ਯੋਗਤਾ।

**ਈ-ਟੀਚਰ** ਪਲੇਟਫ਼ਾਰਮ **ਡਾਇਨਾਮਾਈਂਡ** ਦੀ ਵਰਤੋਂ ਕਰਦੇ ਹੋਇਆਂ ਵਿਸ਼ਵਪੱਧਰੀ ਮਾਪਦੰਡਾਂ ਦੇ ਨਾਲ ਸਭ ਤੋਂ ਘੱਟ ਲਾਗਤ ਵਾਲੀ ਇੰਟਰਨੈੱਟ ਆਧਾਰਿਤ ਤਕਨਾਲੋਜੀ। ਵਰਤਮਾਨ ਲਾਗਤ **ਕਰੀਬ ਰੁ. ੨ ਪ੍ਰਤੀ ਘੰਟਾ** ਪ੍ਰਤੀ ਵਿੱਦਿਆਰਥੀ ਜਾਂ ਕਰੀਬ **੧ ਅਮਰੀਕੀ ਡਾਲਰ ਪ੍ਰਤੀ ਦਿਨ ਪ੍ਰਤੀ ਵਿੱਦਿਆਰਥੀ** ਹੈ। ਉੜੀਸਾ ਰਾਜ ਸਿੱਖਿਆ ਵਿਭਾਗ ਦੁਆਰਾ ਇਸ ਨੂੰ ਅਪਣਾਇਆ ਜਾ ਚੁਕਿਆ ਹੈ। ਹੋਰ ਸਭ ਰਾਜਾਂ ਦੁਆਰਾ ਅਪਣਾਇਆ ਅਤੇ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਵਿੱਚ ਆਨਲਾਈਨ ਇੰਟਰਐਕਟਿਵ ਕੋਚਿੰਗ, ਮੁਲਾਂਕਣ, ਫ਼ੀਡਬੈਕ ਸਵਾਲ-ਜਵਾਬ ਅਤੇ ਪ੍ਰਤੀ ਵਿੱਦਿਆਰਥੀ ਆਧਾਰ 'ਤੇ ਮੈਂਟਰਿੰਗ ਸ਼ਾਮਿਲ ਹੈ। ਆਰਟੀਫ਼ਿਸ਼ੀਅਲ ਇੰਟੈਲੀਜੰਸ ਅਤੇ ਕਲਾਊਡ ਕੰਪਿਊਟਿੰਗ ਦੀ ਵਰਤੋਂ ਕੀਤੀ ਜਾਂਦੀ ਹੈ।

**੫.** ਵਿਅਕਤੀਆਂ, ਸਕੂਲਾਂ ਅਤੇ ਕਾਲਜਾਂ ਅਤੇ ਐਮਐਸਐਮਈ ਲਈ **ਉੱਦਮਸ਼ੀਲਤਾ ਕੁਸ਼ਲਤਾ ਵਿਕਾਸ, ਈਐਸਡੀ** ਜਾਂ ਉੱਦਮਸ਼ੀਲਤਾ ਵਿੱਚ ਕੋਚਿੰਗ

ਤੁਸੀਂ ਚਾਹੇ ਸਵੈਰੋਜ਼ਗਾਰ ਰੱਖਦੇ ਹੋ ਜਾਂ ਦੂਜਿਆਂ ਲਈ ਕੰਮ ਕਰਦੇ ਹੋ, ਇਹ ਗੁਣ ਬਹੁਤ ਮਹੱਤਵਪੂਰਨ ਹੈ। **ਕਰੀਬ ੫੮% ਭਾਰਤੀਆਂ ਦਾ ਸਵੈਰੋਜ਼ਗਾਰ ਹੁੰਦਾ ਹੈ।** ਕੋਈ ਵੀ ਵਿਅਕਤੀ, ਸਕੂਲ ਜਾਂ ਕਾਲਜ ਤੇ http://www.enterprise-education.in 'ਤੇ ਵਿਜ਼ਿਟ ਕਰਕੇ ਮੁਫ਼ਤ ਕੋਚਿੰਗ ਪਾ ਸਕਦਾ ਹੈ ਜਾਂ ਹੋਰ ਜਾਣਕਾਰੀ ਲਈ www.deispune.org 'ਤੇ ਵਿਜ਼ਿਟ ਕੀਤੀ ਜਾ ਸਕਦੀ ਹੈ।

**੬.** ਪੇਂਡੂ ਅਤੇ ਸ਼ਹਿਰੀ ਭਾਰਤ ਲਈ **੧ ਪੈਸਾ ਪ੍ਰਤੀ ਲੀਟਰ 'ਤੇ ਭਾਈਚਾਰਕ ਆਧਾਰ 'ਤੇ ਸਿਹਤ-ਸਫ਼ਾਈ ਅਤੇ ਸੁਰੱਖਿਅਤ ਪੀਣ ਦਾ ਪਾਣੀ, ਖਾਣਾ ਪਕਾਉਣ, ਨਹਾਉਣ ਅਤੇ ਤੈਰਨ ਲਈ ਜਲ** – ਸਾਫ਼-ਸਫ਼ਾਈ ਅਤੇ ਕੀਟਾਣੂਮੁਕਤ ਲਈ ਵੀ ਵਰਤਿਆ ਜਾਂਦਾ ਹੈ।

ਸਭ ਤੋਂ ਗ੍ਰੀਨ ਤਕਨਾਲੋਜੀ ਜਿਸ ਵਿੱਚ ਸਹਾਇਕ ਸਾਮੱਗਰੀਆਂ ਵਜੋਂ ਕੇਵਲ ਖਾਣ ਦੇ ਲੂਣ ਅਤੇ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਹੈ। ੧ ਮਿਲੀਅਨ ਲੀਟਰ ਸੁਰੱਖਿਅਤ ਪਾਣੀ ਲਈ ਸਿਰਫ਼ ੧੦ ਕਿਲੋਵਾਟ ਬਿਜਲੀ ਅਤੇ ੫ ਕਿਲੋ ਲੂਣ ਦੀ ਲੋੜ ਹੈ। **ਸੋਲਰ ਊਰਜਾ ਨਾਲ ਚਲਣ ਵਾਲੇ ਯੂਨਿਟ ਵੀ ਉਪਲਬਧ ਹਨ,** ਕਿਉਂਕਿ ਸਾਡੇ ਦੇਸ਼ ਦੇ ਕਈ ਹਿੱਸਿਆਂ ਵਿੱਚ ਅੱਜ ਵੀ ਭਰੋਸੇਯੋਗ ਬਿਜਲੀ ਉਪਲਬਧ ਨਹੀਂ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤਕ ੧੧੦੦ ਤੋਂ ਵੱਧ ਸੰਸਥਾਵਾਂ ਕੰਮ ਵਿੱਚ ਜੁਟੀਆਂ ਹੋਈਆਂ ਹਨ। **੮੦% ਬੀਮਾਰੀਆਂ ਪਾਣੀ ਰਾਹੀਂ ਲੱਗਦੀਆਂ ਹਨ।** ਬੋਤਲਬੰਦ ਪਾਣੀ ਵਿੱਚ ਇਸ ਤੋਂ ੨੦੦੦ ਗੁਣਾ ਲਾਗਤ ਆਉਂਦੀ ਹੈ। **ਭਾਰਤ ਦੇ ੧੦੦ ਕਰੋੜ ਲੋਕ ਅਸੁਰੱਖਿਅਤ ਪਾਣੀ ਨਾਲ ਹੀ ਆਪਣਾ ਕੰਮ ਚਲਾਉਂਦੇ ਹਨ।**

**੭. ਆਰਡਬਲਯੂਐਚ ਜਾਂ ਮੀਂਹ-ਜਲ ਸੰਭਾਲ ਕਿਉਂ ਜ਼ਰੂਰ ਕਰਨੀ ਚਾਹੀਦੀ ਹੈ**

ਭਾਰਤ ਵਿੱਚ ਜ਼ਿਆਦਾਤਰ ਪਾਣੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸੀਂਹ ਦਾ ਪਾਣੀ ਹੀ ਹੁੰਦਾ ਹੈ। ਬਰਸਾਤੀ ਮੀਂਹ ਬਹੁਤ ਪੱਕਾ ਹੈ, ਕਰੀਬ ੧੦੦ ਦਿਨ ਪ੍ਰਤੀ ਸਾਲ। ੫੦% ਮੀਂਹ ਪੈਂਦਾ ਹੈ ੩੫ ਦਿਨਾਂ ਵਿੱਚ, ਅਤੇ ਬਾਕੀ ੬੫ ਦਿਨਾਂ ਵਿੱਚ। ਇਸ ਲਈ ਮੀਂਹ ਦੇ ਪਾਣੀ ਦੀ ਸੰਭਾਲ ਬਹੁਤ ਜ਼ਰੂਰੀ ਹੈ। ਇਹ ਇਕ ਲੋਅ ਤਕਨਾਲੋਜੀ ਸੁਲਝਾਅ ਹੈ ਜਿਸ ਨੂੰ ਸੱਭੇ ੯,੦੦੦ ਮਿਉਂਸਪਲਿਟੀਆਂ ਅਤੇ ੬੩੦,੦੦੦ ਭਾਰਤੀ ਪਿੰਡਾਂ ਵਿੱਚ ਜ਼ਰੂਰੀ ਤੌਰ 'ਤੇ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਵਰਤਮਾਨ ਵਿੱਚ ਅਸੀਂ ਆਪਣੇ ਭੂਮੀ ਜਲ ਸੰਸਾਧਨਾਂ ਨੂੰ ਖਾਲੀ ਕਰਦੇ ਜਾ ਰਹੇ ਹਾਂ। **ਸਾਨੂੰ ਲੋੜ ਹੈ ਕਿ ਇਹਨਾਂ ਨੂੰ ਆਰਡਬਲਯੂਐਚ ਰਾਹੀਂ ਮੀਂਹ-ਜਲ ਦੇ ਇਹਨਾਂ ੧੦੦ ਦਿਨਾਂ ਦੌਰਾਨ ਰੀਚਾਰਜ ਕਰੀਏ।**

**੮. ਵੇਸਟ ਵਾਟਰ ਦੀ ਰੀਸਾਈਕਲਿੰਗ ਲਈ ਬਾਯੋ ਤਕਨਾਲੋਜੀ**

ਫ਼ਿਜ਼ੂਲ ਪਾਣੀ ਨੂੰ ਰੀਸਾਈਕਲ ਕਰਨਾ ਬਹੁਤ ਜ਼ਿਆਦਾ ਕਾਇਮ ਰਹਿ ਯੋਗ ਹੈ ਜੇ ਇਸ ਦਾ ਪ੍ਰਬੰਧਨ ਇਕ ਅਕੇਂਦਰੀਕ੍ਰਿਤ ਤਰੀਕੇ ਨਾਲ ਕੀਤਾ ਜਾਏ, ਕਿਉਂਕਿ ਸੰਸਾਧਨ ਅਤੇ ਵਰਤੋਂਕਾਰ ਇਕਦੂਜੇ ਦੇ ਨੇੜੇ ਹੋਣਗੇ। ਫ਼ਿਜ਼ੂਲ ਪਾਣੀ ਨੂੰ ਟ੍ਰੀਟਮੈਂਟ (ਸ਼ੁੱਧੀਕਰਨ) ਲਈ ਦੂਰ ਸਥਿਤ ਯੂਨਿਟ ਵਿੱਚ ਢੋਣ ਅਤੇ ਫਿਰ ਵਰਤੋਂਕਾਰਾਂ ਤਕ ਲਿਜਾਣ ਲਈ ਪਾਈਪਲਾਈਨ, ਪੰਪਾਂ, ਬਿਜਲੀ ਅਤੇ ਦੇਖਰੇਖ ਦੇ ਨਾਤੇ ਬਹੁਤ ਵੱਡਾ ਖ਼ਰਚਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਪਾਣੀ ਨੂੰ ਰੀਸਾਈਕਲ ਕਰਨ ਦਾ ਵਰਤਮਾਨ ਤਰੀਕਾ ਜ਼ਿਆਦਾਤਰ ਇਹੋ ਜਿਹਾ ਹੀ ਹੈ, ਤੇ ਫਿਰ ਹੈਰਾਨੀ ਦੀ ਗੱਲ ਨਹੀਂ, ਕਿ ਨਤੀਜੇ ਕੋਈ ਖ਼ਾਸ ਨਹੀਂ ਨਿਕਲ ਰਹੇ। ਹੋਰ ਮਹੱਤਵ ਵਾਲੀ ਗੱਲ ਹੈ ਕਿ ਪ੍ਰਾਈਮਰੀ ਆਰਗੈਨਿਕ ਵੇਸਟ ਦੀ ਇਨਆਰਗੈਨਿਕ ਟ੍ਰੀਟਮੈਂਟ ਨਾਲ ਸੀਵੇਜ ਵਿੱਚ ਆਰਗੈਨਿਕ ਗੁਣਾਂ ਨੂੰ ਨਸ਼ਟ ਕਰ ਦੇਂਦੀ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ **ਵੇਸਟ ਨੂੰ ਰੀਸਾਈਕਲ ਕਰਨ ਲਈ ਬਾਯੋ-ਤਕਨਾਲੋਜੀ ਵਰਤੀ ਜਾਏ,** ਅਤੇ ਜੋ ਕੁਦਰਤ ਤੋਂ ਪੈਦਾ ਹੋਇਆ ਸੀ ਉਸ ਨੂੰ ਵਾਪਸ ਮੋੜਿਆ ਜਾਵੇ। ਸਿਰਫ਼ ਤਦੇ ਹੀ ਇਹ ਸੰਭਵ ਹੋ ਸਕੇਗਾ ਕਿ ਪਾਣੀ ਦੀ ਥੋੜ ਦੀ ਵਿਆਪਕ ਸਮੱਸਿਆ ਦੇ ਸੁਲਝਾਅ ਨੂੰ ਕਾਇਮ ਰਹਿਣ ਯੋਗ ਬਣਾਇਆ ਜਾ ਸਕੇ।

# ਭਾਈਚਾਰਿਆਂ ਲਈ **ਪੀਣ ਦਾ,**
# **ਖਾਣਾ ਪਕਾਉਣ ਦਾ, ਨਹਾਉਣ ਅਤੇ ਤੈਰਨ ਦਾ**
# **ਸੁਰੱਖਿਅਤ ਪਾਣੀ ਅਤੇ ਸਿਹਤ-ਸਫ਼ਾਈ**

## *ਡੀ ਨੋਰਾ ਇਲੈਕਟ੍ਰੋਕਲੋਰੀਨੇਸ਼ਨ ''ਗ੍ਰੀਨ ਤਕਨਾਲੋਜੀਜ਼'' ਵਰਤ ਕੇ ਸੰਚਾਲਕ ਲਾਗਤ ਲਗਭਗ ੦.੧੦ ਤੋਂ ੧.੦੦ ਪੈਸਾ ਪ੍ਰਤੀ ਲੀਟਰ ਪਾਣੀ*

**੧.** ਇਲਾਜ ਨਾਲੋਂ ਪ੍ਰਹੇਜ਼ ਹਮੇਸ਼ਾ ਬਿਹਤਰ ਹੈ।

**੨.** ਭਾਰਤ ਵਿੱਚ ਲਗਭਗ ੧,੦੦੦ ਮਿਲੀਅਨ ਲੋਕ ਅਸੁਰੱਖਿਅਤ ਪੀਣ ਦਾ ਪਾਣੀ ਵਰਤਦੇ ਹਨ।

**੩.** ਸਭ ਰੋਗਾਂ ਵਿੱਚੋਂ ੮੦% ਪਾਣੀ ਤੋਂ ਹੀ ਲੱਗਦੇ ਹਨ।

**੪.** ਡੀ ਨੋਰਾ ''**ਗ੍ਰੀਨ ਤਕਨਾਲੋਜੀ**'' ਵਰਤ ਕੇ ਪਾਣੀ 'ਚੋਂ ਬਕਟੀਰੀਆ ਵਾਇਰਸ ਰੋਗਾਂ ਦਾ ਮੁੱਖ ਕਾਰਨ ਹੁੰਦੇ ਹਨ। ਤਕਨਾਲੋਜੀ ਹੈ **ਇਲਕਟ੍ਰੋ ਕਲੋਰੀਨੇਸ਼ਨ।**

**੫.** ''ਪਾਣੀ ਤੋਂ ਹੋਣ ਵਾਲੇ'' ਰੋਗ ਹਨ ਹੈਜ਼ਾ, ਟਾਈਫ਼ਾਇਡ, ਦਸਤ, ਮਰੋੜ, ਜਾਂਡਿਸ, ਹੈਪੇਟਾਈਟਿਸ, ਵਰਮਜ਼ ਆਦਿਕ।

**੬.** ਡੀ ਨੋਰਾ ''**ਗ੍ਰੀਨ ਤਕਨਾਲੋਜੀ**'' ਇਨਪੁਟ ਸਮੱਗਰੀ ਵਜੋਂ ਸਿਰਫ਼ ਬਿਜਲੀ ਅਤੇ ਆਮ ਲੂਣ ਵਰਤਦੀ ਹੈ ਜਿਸ ਨਾਲ ਸੋਡੀਅਮ ਹਾਈਪੋ ਕਲੋਰਾਈਟ ਪਦਾ ਹੁੰਦਾ ਹੈ ਜਿਸ ਵਿੱਚ ੮,੦੦੦ ਪਾਰਟਸ ਪ੍ਰਤੀ ਮਿਲੀਅਨ ਜਾਂ ਪੀਪੀਐਮ ਤਕ ''ਸਕਿਰਿਆ'' ਕਲੋਰੀਨ ਹੁੰਦੀ ਹੈ।

**੭.** ਸੋਡੀਅਮ ਹਾਈਪੋ ਕਲੋਰਾਈਟ ਸੌਲਿਊਸ਼ਨ ਵਿੱਚ ਇਹ ਸਕਿਰਿਆ ਕਲੋਰੀਨ ਪਾਣੀ ਨੂੰ ਕੀਟਾਣੂਮੁਕਤ ਕਰਨ ਲਈ ਅਤੇ ਸਿਹਤ-ਸਫ਼ਾਈ ਲਈ ਵਰਤੀ ਜਾਂਦੀ ਹੈ। ਬ੍ਰੋਸ਼ਰ ਵੇਖੋ।

ਜਿਓਂ ਜਿਓਂ ਪਾਣੀ ਦੇ ਪ੍ਰਦੂਸ਼ਣ ਕਾਰਨ ਸਿਹਤ ਲਈ ਜੋਖਮ ਵਧੇਰੇ ਜਾਣੇ ਜਾਣ ਲੱਗੇ, ਬਸ਼ਮੂਲ ਹੈਜ਼ਾ, ਟਾਈਫ਼ਾਇਡ ਅਤੇ ਮਰੋੜ, ਤਾਂ ਲੋਕਲ ਵਾਟਰ ਟ੍ਰੀਟਮੈਂਟ ਪਲਾਂਟ ਆਪਣੀ ਤਕਨਾਲੋਜੀ ਤਿਆਰ ਕਰਨ ਲੱਗੇ। ਇਹਨਾਂ ਖ਼ਤਰਿਆਂ ਦਾ ਸਾਹਮਣਾ ਕਰਨ ਲਈ ਵਾਟਰ ਟ੍ਰੀਮੈਂਟ ਪਲਾਂਟ ਕਲੀਰੀਨੇਸ਼ਨ ਪੱਧਤੀ ਵਰਤਣ ਲੱਗ ਪਏ। ਕਲੋਰੀਨੇਸ਼ਨ ਨੇ ਅਸਲ ਵਿੱਚ ਇਹਨਾਂ ਰੋਗਾਂ ਦੇ ਫੈਲਣ ਅਤੇ ਸ਼ੁਰੂਆਤੀ ਪ੍ਰਦੂਸ਼ਣ ਦਾ ਤਾਂ ਨਾਮੋ ਨਿਸ਼ਾਨ ਹੀ ਮਿਟਾ ਦਿੱਤਾ ਅਤੇ ਇਹ ਕੰਮ ਕੀਤਾ ਵੀ ਇਸ ਤਰ੍ਹਾਂ ਕਿ 'ਲਾਈਫ਼ ਮੈਗਜ਼ੀਨ' ਨੇ ਇਸ ਨੂੰ ''ਮਿਲੇਨੀਅਮ ਦਾ ਸਭ ਤੋਂ ਮਹੱਤਵਪੂਰਨ ਸਰਬਜਨਕ ਸਿਹਤ ਅਭਿਯਾਨ''ਦਾ ਖਿਤਾਬ ਪ੍ਰਦਾਨ ਕਿਤਾ।

**ਇਲੈਕਟ੍ਰੋ ਕਲੋਰੀਨੇਸ਼ਨ** ਇਸ ਪ੍ਰਕਿਰਿਆ ਦੇ ਵਿਕਾਸ ਵਿੱਚ ਅਗਲਾ ਕਦਮ ਹੈ। **ਇਲੈਕਟ੍ਰੋ ਕਲੋਰੀਨੇਸ਼ਨ** ਪੀਣ ਦੇ ਪਾਣੀ ਨੂੰ ਕਲੋਰੀਨੇਟ ਕਰਦਾ ਹੈ ਅਤੇ ਇਹ ਕੰਮ ਕਰਦਾ ਹੈ ਵਾਤਾਵਰਨ ਹਿੱਤੈਸ਼ੀ ਤਰੀਕੇ ਨਾਲ। ਇਹ ਵਾਤਾਵਰਨ ਦਾ ਕਿਸੇ ਵੀ ਮਾਪਣਯੋਗ ਹਾਨੀਕਾਰਕ ਤਰੀਕੇ ਨਾਲ ਨੁਕਸਾਨ ਨਹੀਂ ਕਰਦਾ। ਹੋਰ ਕਲੋਰੀਨੇਸ਼ਨ ਤਕਨੀਕਾਂ ਦੇ ਉਲਟ, **ਇਲੈਕਟ੍ਰੋ ਕਲੋਰੀਨੇਸ਼ਨ** ਕੋਈ ਗਾਰ, ਤਲਛਟ ਜਾਂ ਉੱਪ-ਉਤਪਾਦਨ ਪੈਦਾ ਨਹੀਂ ਕਰਦਾ। ਇਹ ਕਲੋਰੀਨੇਟਰਾਂ ਦੇ ਆਪ੍ਰੇਟਰਾਂ ਲਈ ਵਧੇਰੇ ਸੁਰੱਖਿਅਤ ਹੈ ਕਿਉਂਕਿ ਕਲੋਰੀਨ ਗੈਸ ਦੀ ਹੈਂਡਲਿੰਗ ਨਹੀਂ ਕਰਨੀ ਪੈਂਦੀ ਜੋ ਕਿ ਬਹੁਤ ਜ਼ਿਆਦਾ ਵਿਸ਼ੈਲੀ ਅਤੇ ਖੋਰਨਕਾਰੀ ਹੈ।

ਭਾਈਚਾਰਿਆਂ ਲਈ ਪੀਣ ਦਾ, ਖਾਣਾ ਪਕਾਉਣ ਦਾ, ਨਹਾਉਣ ਅਤੇ ਤੈਰਨ ਦਾ ਸੁਰੱਖਿਅਤ ਪਾਣੀ ਅਤੇ ਸਿਹਤ-ਸਫ਼ਾਈ ਲਈ ਬ੍ਰੋਸ਼ਰ ਨਾਲ ਨੱਥੀ ਕੀਤਾ ਗਿਆ। **ਸੀਕਲੋਰ ਮੈਕ ਅਤੇ ਟਾਈਟੈਨਰ** ਡੀ ਨੋਰਾ ਸਪਾ, ਮਿਲਾਨ, ਇਟਲੀ ਅਤੇ ਡੀ ਨੋਰਾ ਇੰਡੀਆ ਲਿ., ਗੋਆ, ਭਾਰਤ ਦੇ ਰਜਿਸਟਰਡ ਟ੍ਰੇਡ ਮਾਰਕ ਹਨ।

*ਜੇ ਇਸ ਵਿੱਚ ਦਿਲਚਸਪੀ ਹੈ ਤਾਂ ਕ੍ਰਿਸ਼ਣ ਖੰਨਾ ਨਾਲ krishan@vsnl.com 'ਤੇ ਜਾਂ +੯੧੯੮੨੧੧੪੦੭੫੬ 'ਤੇ ਸੰਪਰਕ ਕਰੋ।*



**ਕ੍ਰਿਸ਼ਣ ਖੰਨਾ**
Founder & Trustee
of *i Watch*

## ਲੇਖਕ ਦੀ ਜਾਣ-ਪਛਾਣ

*i Watch* ਦੇ ਸੰਸਥਾਪਕ ਟ੍ਰਸਟੀ ਕ੍ਰਿਸ਼ਣ ਖੰਨਾ ਆਈਆਈਟੀ ਖੜਗਪੁਰ ਤੋਂ ਮਕੈਨੀਕਲ ਇੰਜੀਨੀਅਰਿੰਗ ਦੇ ਗ੍ਰੈਜੂਏਟ ਹਨ।

ਇਹਨਾਂ ਨੂੰ ੧੯੯੬ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦੁਆਰਾ ਨੇਸ਼ਨਲ ਸਿਟੀਜ਼ਨਜ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ। ਸਨ ੨੦੦੭ ਵਿੱਚ ਇਹਨਾਂ ਨੂੰ ਫ੍ਰੈਂਡਜ਼ ਆਫ਼ ਸਾਊਥ ਏਸ਼ੀਅਨ ਅਮੇਰੀਕਨ ਕਮਿਊਨਿਟੀ, ਐਫ਼ਓਐਸਏਏਸੀ, ਲਾਸ ਏਂਜਲਜ਼, ਯੂਐਸਏ ਦੁਆਰਾ ਉੱਤਮ ਕਿਰਿਆਸ਼ੀਲ ਨੇਤ੍ਰਿਤਵ ਲਈ ਰਾਜੀਵ ਗਾਂਧੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਨ ੨੦੧੧ ਵਿੱਚ ਇਹਨਾਂ ਨੂੰ ਤਾਜਮਹਲ ਹੋਟਲ, ਮੁੰਬਈ, ਭਾਰਤ ਵਿੱਚ ਇਕ ਸੀਐਸਆਰ ਸਮਾਰੋਹ ਵਿੱਚ ਨੋਬਲ ਪੁਰਸਕਾਰ ਵਿਜੇਤਾ ਪ੍ਰੋ. ਮੁਹੰਮਦ ਯੂਨਸ ਦੁਆਰਾ 'ਸੋਸ਼ਲ ਪਾਇਨੀਅਰ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਸਿੱਖਿਆ ਖੇਤਰ ਦੀ ਇਕ ਅੱਗਰਨੀ ਮਾਸਿਕ ਪੱਤ੍ਰਿਕਾ ਐਜੂਕੇਸ਼ਨ ਵਰਲਡ ਨੇ ਆਪਣੇ ਜੂਨ ੨੦੧੨ ਦੇ ਅੰਕ ਵਿੱਚ ਭਾਰਤੀ ਸਿੱਖਿਆ ਜਗਤ ਵਿੱਚ ਪਰੀਵਰਤਨ ਲਿਆਉਣ ਵਾਲੇ **੫੦ ਲੀਡਰਾਂ** ਵਿੱਚ ਇਹਨਾਂ ਨੂੰ ਸ਼ਾਮਿਲ ਕੀਤਾ ਗਿਆ।

ਕ੍ਰਿਸ਼ਣ ਖੰਨਾ ਨੇ ਇਕ ਟੈਕਨੋਕ੍ਰੈਟ ਵਜੋਂ ੪੮ ਸਾਲਾਂ ਦੇ ਆਪਣੇ ਕੰਮ-ਕਾਜੀ ਜੀਵਨ ਦੇ ਕਰੀਬ ੬ ਸਾਲ ਜਰਮਨੀ ਅਤੇ ਜਾਪਾਨ ਵਿੱਚ ਬਿਤਾਏ ਹਨ। ਇਹਨਾਂ ਨੇ ਵਿਵਸਾਇ, ਪ੍ਰਬੰਧਨ ਅਤੇ ਸਮਾਜਕ ਹਲਕਿਆਂ ਵਿੱਚ ਕੰਮ ਕੀਤਾ ਹੈ।

ਇਹਨਾਂ ਨੇ ਪੰਜਾਂ ਮਹਾਦੀਪਾਂ ਦੀ ਵਿਆਪਕ ਰੂਪ ਵਿੱਚ ਯਾਤਰਾ ਕੀਤੀ ਹੈ ਅਤੇ ਅਮਰੀਕਾ, ਕੈਨੇਡਾ, ਬਰਾਜ਼ੀਲ, ਯੂਕੇ, ਸਵੀਡਨ, ਜਰਮਨੀ, ਇਟਲੀ, ਈਰਾਨ, ਚੀਨ, ਕੋਰੀਆ, ਤਾਈਵਾਨ, ਸਿੰਗਾਪੁਰ, ਜਾਪਾਨ, ਆਸਟ੍ਰੇਲੀਆ ਅਤੇ ਭਾਰਤ ਦੇ ਸੰਗਠਨਾਂ ਨਾਲ ਪੰਦਰਾਂ ਸੰਯੁਕਤ ਉੱਦਮਾਂ ਅਤੇ ਬਿਜ਼ਨਸ ਭਾਗੀਦਾਰਾਂ ਵਿੱਚ ਸ਼ਾਮਿਲ ਹੋਏ ਹਨ।

ਸਨ ੧੯੯੨ ਵਿੱਚ ਇਹਨਾਂ ਨੇ ਕਾਰਪੋਰੇਟ ਜਗਤ, ਪ੍ਰੋਫ਼ੈਸ਼ਨਲ ਅਤੇ ਵਿਵਸਾਇਕ ਕੈਰੀਅਰ ਨੂੰ ਤਿਲਾਂਜਲੀ ਦੇ ਕੇ **ਭਾਰਤ ਦੀ ਕਾਇਆਕਲਪ** ਅਤੇ ਰਾਸ਼ਟਰ ਨਿਰਮਾਣ ਦਾ ਬੀੜਾ ਉਠਾਇਆ ਅਤੇ ਖ਼ੁਦ ਨੂੰ ਇਸ ਖੇਤਰ ਲਈ ਸਮਰਪਿਤ ਕੀਤਾ।

ਇਸ ਉੱਦੇਸ਼ ਦੀ ਪ੍ਰਾਪਤੀ ਲਈ ਇਹਨਾਂ ਨੇ *i Watch* ਨਾਂਮਕ ਇਕ ਅਲਾਭਕਾਰੀ ਫ਼ਾਊਂਡੇਸ਼ਨ ਦੀ ਸਥਾਪਨਾ ਕੀਤੀ। ਇਸ ਦਾ ਕੰਮ-ਕਾਜ ੧੯੯੨-੯੩ ਵਿੱਚ ਮੁੰਬਈ, ਭਾਰਤ ਸਥਿਤ ਉਹਨਾਂ ਦੇ ਪ੍ਰਾਈਵੇਟ ਆਫ਼ਿਸ ਵਿੱਚੋਂ ਸ਼ੁਰੂ ਹੋਇਆ। *i Watch* ਦਾ ਮੁੱਖ਼ ਫ਼ੋਕਸ **ਰਾਜ-ਪ੍ਰਬੰਧ** ਤੇ **ਸਿੱਖਿਆ** ਅਤੇ **ਅਰਥਵਿਵਸਥਾ** ਤੇ **ਰੋਜ਼ਗਾਰ** ਉੱਤੇ ਇਸ ਦੇ ਪ੍ਰਤੱਖ ਪ੍ਰਭਾਵ 'ਤੇ ਹੈ।

ਇਸ ਕਾਰਜ ਦਾ ਉਪਰਾਲਾ ਭਾਰਤ ਦੀ ਜਨਤਾ ਦੇ ਸਾਹਮਣੇ ਦੇਸ਼ ਦੀਆਂ ਵਰਤਮਾਨ ਸਥਿਤੀਆਂ ਤੇ ਤੱਥਾਂ ਨੂੰ ਰੱਖਦੇ ਹੋਇਆਂ ਉਹਨਾਂ ਦੇ ਰੂਬਰੂ ਕੁਝ ਅਜ਼ਮਾਏ ਪਰਖੇ ਅਤੇ ਸੁਖਾਲੇ ਸੁਲਝਾਅ ਪੇਸ਼ ਕਰਨੇ ਹੈ ਤਾਂਕਿ ਵਿਸ਼ਵ ਵਿੱਚ ਸਾਡੇ ਦੇਸ਼ ਨੂੰ ਉਸ ਦੇ ਸਹੀ ਸਥਾਨ 'ਤੇ ਸਥਾਪਿਤ ਕੀਤਾ ਜਾ ਸਕੇ। ਭਾਰਤ ਦੀਆਂ ਲੁਕੀਆਂ ਸ਼ੱਮਤਾਵਾਂ ਨੂੰ ਪ੍ਰਗਟ ਕਰਦੇ ਹੋਇਆਂ ਇਸ ਦੀ ਮਾਨਵ ਸ਼ਕਤੀ ਦੇ ਮੁੱਲਾਂ ਵੱਲ ਧਿਆਨ ਆਕਰਸ਼ਿਤ ਕਰਨਾ ਹੈ, ਜੋ ਕਿ ਸ਼ਕਤੀ ਸੰਪੱਨ ਹੋਣ 'ਤੇ ਦੇਸ਼ ਦੀ ਕਾਇਆਕਲਪ ਕਰ ਸਕਦੇ ਹਨ।

---



**ਅਮ੍ਰਿਤ ਪੀ. ਸ਼ਾਹ**
ਸੀਐਮਡੀ,
ਸੁੰਦਰਮ ਮਲਟੀ ਪੇਪ ਲਿ.

## ਸਾਡਾ ਦ੍ਰਿਸ਼ਟੀਕੋਣ

ਸੁੰਦਰਮ ਮਲਟੀ ਪੇਪ ਲਿ. ਇਕ ਹਰਮਨ ਪਿਆਰਾ ਸਟੇਸ਼ਨਰੀ ਬ੍ਰਾਂਡ ਹੈ, ਜੋ ਸਿਵਲ ਭਾਈਚਾਰਿਆਂ ਅਤੇ ਵਿੱਦਿਆਰਥੀਆਂ ਵਿੱਚ ਆਪਣੀ ਉੱਤਮਤਾ ਲਈ ਪ੍ਰਸਿੱਧ ਹੈ। ਸ਼੍ਰੀ ਅਮ੍ਰਿਤ ਸ਼ਾਹ ਇਸ ਦੇ ਪ੍ਰੋਮੋਟਰ, ਪ੍ਰਧਾਨ ਅਤੇ ਪ੍ਰਬੰਧ ਨਿਰਦੇਸ਼ਕ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਕਿਸੇ ਵੀ ਰਾਸ਼ਟਰ ਦੀ ਸ਼ਕਤੀ ਲਈ ਸਿੱਖਿਆ ਇਕ ਮੂਲਭੂਤ ਕਾਰਕ ਤੱਤ ਹੈ। ਸੁੰਦਰਮ ਸਿੱਖਿਆ ਸੰਬੰਧੀ ਸਭ ਕਾਰਜਾਂ ਦੇ ਵਿਕਾਸ ਅਤੇ ਪ੍ਰਸਾਰ ਵਿੱਚ ਹਮੇਸ਼ਾ ਇਕ ਸਹਾਇਕ ਦਾ ਰੋਲ ਅਦਾ ਕਰੇਗੀ। ਉਹ ਹਮੇਸ਼ਾਂ ਤੋਂ ਨੌਜਵਾਨਾਂ, ਵਿੱਦਿਆਰਥੀ ਜਗਤ ਅਤੇ ਸਿਵਲ ਸਮਾਜ ਵਿੱਚ ਸਿੱਖਿਆ ਦੇ ਫ਼ਾਇਦਿਆਂ ਦਾ ਪ੍ਰਸਾਰ-ਪ੍ਰਚਾਰ ਅਤੇ ਇਸ ਸੰਬੰਧੀ ਜਾਗਰੂਕਤਾ ਜਗਾਉਣ ਦਾ ਕਾਰਜ ਕਰਦੇ ਚਲੇ ਆ ਰਹੇ ਹਨ।

# ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਵਪੂਰਨ ਆਯੋਜਨਾਂ ਵਿੱਚ *i Watch* ਦੀ ਮੌਜੂਦਗੀ



Global HR Forum, Seoul, South Korea

CII—CSR Annual Conference, Chennai, India




NGO Partnership, London, UK






PAN IIT Annual Conventions, Santa Clara, Tokyo, Singapore, Chicago, Chennai, Mumbai, Noida & New York.

EU Annual Round Table, Thessaloniki, Greece






Pravasi Bhartiya Divas, New Delhi, India

सत्यमेव जयते



**ਡਾ. ਏ.ਪੀ.ਜੇ. ਅਬਦੁਲ ਕਲਾਮ**
ਭਾਰਤ ਦੇ
ਸਾਬਿਕਾ ਰਾਸ਼ਟਰਪਤੀ

# ਸੰਦੇਸ਼

ਮੈਨੂੰ ਇਹ ਜਾਣ ਕੇ ਬੇਹੱਦ ਖ਼ੁਸ਼ੀ ਹੋਈ ਹੈ ਕਿ 'ਭਾਰਤ ਦੀ ਕਾਇਆਕਲਪ' ਦਾ ਸ਼ੁਭ ਕਾਰਜ ਕਰਨ ਲਈ ਨਾਗਰਿਕ ਅੰਦੋਲਨ ਦੁਆਰਾ "*i Watch*" ਨੇ ਬੀੜਾ ਉਠਾਇਆ ਹੈ ।

"*i Watch*" ਨੇ ਚੰਗੇ ਰਾਜ-ਪ੍ਰਬੰਧ, ਸਿੱਖਿਆ, ਅਰਥਵਿਵਸਥਾ, ਉੱਦਮਸ਼ੀਲਤਾ ਅਤੇ ਰੋਜ਼ਗਾਰ ਉਤਪੱਤੀ ਦੇ ਜੋ ਮੁੱਦੇ ਉਠਾਏ ਹਨ, ਸਚਮੁਚ ਵਾਸਤਵਿਕ ਸਮੱਸਿਆਵਾਂ ਹਨ, ਜਿਨ੍ਹਾਂ ਨਾਲ ਸਾਡਾ ਦੇਸ਼ ਅੱਜ ਦੋ-ਚਾਰ ਹੋ ਰਿਹਾ ਹੈ । ਤੁਲਨਾਤਮਕ ਅਧਿਐਨ ਦੁਆਰਾ ਪ੍ਰਾਪਤ ਨਤੀਜੇ, ਵਿਸ਼ਲੇਸ਼ਣ ਅਤੇ ਉਹਨਾਂ ਦੇ ਆਧਾਰਾਂ 'ਤੇ ਸੁਝਾਈਆਂ ਗਈਆਂ ਕਾਰਵਾਈਆਂ ਨਿਰਸੰਦੇਹ ਪਰੀਣਾਮਕਾਰੀ ਹੋਣਗੀਆਂ ਅਤੇ ਜੇ ਦੇਸ਼ ਦੇ ਵਿਭਿੰਨ ਸਟੇਕਹੋਲਡਰਾਂ ਦੁਆਰਾ ਉਹਨਾਂ 'ਤੇ ਅਮਲ ਕੀਤਾ ਗਿਆ ਤਾਂ ਸਾਨੂੰ ਚਮਤਕਾਰੀ ਨਤੀਜੇ ਪ੍ਰਾਪਤ ਹੋ ਸਕਣਗੇ ।

ਮਿਸਾਲ ਵਜੋਂ, ਇਹ ਦਸਤਾਵੇਜ਼ ਸਪਸ਼ਟ ਰੂਪ ਵਿੱਚ ਦੱਸਦਾ ਹੈ ਕਿ ਤਕਨੀਤੀ ਸਿੱਖਿਆ ਲਈ ਖ਼ੁਦ ਭਾਰਤ ਦੇਸ਼ ਨੂੰ ਇਕ ਅੰਤਰਰਾਸ਼ਟਰੀ ਕੇਂਦਰ ਬਣਨਾ ਹੀ ਸਮੇਂ ਦੀ ਮੰਗ ਹੈ ।

ਇਸ ਦਸਤਾਵੇਜ਼ ਵਿੱਚ ਜੀਡੀਪੀ ਦਰ ਨੂੰ ੧੦% ਤੋਂ ੧੪% ਤਕ ਵਧਾਉਣ ਲਈ ਕਾਰਵਾਈ ਦੀ ਯੋਜਨਾ ਵੀ ਦਿੱਤੀ ਗਈ ਹੈ । ਭਾਰਤ ਦੀ ਕਾਇਆਕਲਪ ਦਸਤਾਵੇਜ਼ ਪੁਸਤਕ ਸਮਾਜਕ ਕਾਇਆਕਲਪ ਵਿੱਚ ਸੰਲਗਨ ਸੰਸਥਾਵਾਂ, ਕਾਰਜਕ੍ਰਮ ਪ੍ਰਬੰਧਨ ਏਜੰਸੀਆਂ, ਨਵੇਂ ਉੱਦਮਸ਼ੀਲ ਵਿਅਕਤੀ, ਸਿੱਖਿਆ ਦੀ ਰੂਪਰੇਖਾ ਬਣਾਉਣ ਵਾਲੇ ਸਭ ਲੋਕ ਪੁਸਤਕ ਵਿੱਚ ਦਿੱਤੇ ਗਏ ਵਿਸ਼ਲੇਸ਼ਣ ਅਤੇ ਡਾਟਾ-ਆਂਕੜਿਆਂ ਤੋਂ ਭਰਪੂਰ ਲਾਭ ਉਠਾ ਸਕਦੇ ਹਨ ।

ਸਮਾਜਕ ਪਰੀਵਰਤਨ ਕਾਰਜ ਵਿੱਚ ਲੱਗੇ ਸ਼੍ਰੀ ਕ੍ਰਿਸ਼ਣ ਖੰਨਾ ਅਤੇ ਉਹਨਾਂ ਦੀ ਟੀਮ ਦੀ ਕਾਮਯਾਬੀ ਲਈ ਮੇਰੀਆਂ ਹਾਰਦਿਕ ਸ਼ੁੱਭ ਕਾਮਨਾਵਾਂ !

APJ Abdul Kalam

- ਆਪਣੇ ਪਰਚੇ ਦੁਆਰਾ ਤੁਸੀਂ ਗਿਆਨ ਦੀਆਂ ਜੋ ਕੀਮਤੀ ਗੱਲਾਂ ਕਹੀਆਂ ਹਨ ਉਹਨਾਂ ਵਿੱਚੋਂ ਕੁਝ ਦੀ ਵਰਤੋਂ ਕਾਰਪੋਰੇਟ ਕੰਮ-ਕਾਜ ਵਿੱਚ ਆਪਣੀਆਂ ਨੀਤੀਆਂ ਦੀ ਰਚਨਾ ਕਰਦੇ ਸਮੇਂ ਕਰਨਾ ਚਾਹਾਂਗਾ ।
  **ਐਨ.ਆਰ. ਨਾਰਾਇਣ ਮੂਰਤੀ, ਚੇਅਰਮੈਨ ਅਤੇ ਚੀਫ਼ ਮੈਂਟਰ, ਇਨਫ਼ੋਸਿਸ**

- ਮੈਨੂੰ *i Watch* ਵਰਗੇ ਕਿਸੇ ਹੋਰ ਐਨਜੀਓ ਦੀ ਜਾਣਕਾਰੀ ਨਹੀਂ ਹੈ ਜਿਸ ਕੋਲ ਭਾਰਤ ਦੀ ਕਾਇਆਕਲਪ ਕਰਨ ਦੇ ਏਨੇ ਉੱਚ ਵਿਚਾਰ ਹੋਣ ।
  **ਮੇਜਰ ਜਨਰਲ ਡੀ.ਐਨ. ਖੁਰਾਨਾ, ਡਾਇਰੈਕਟਰ ਜਨਰਲ, ਆਲ ਇੰਡੀਆ ਮੈਨੇਜਮੈਂਟ ਐਸੋਸੀਏਸ਼ਨ**

- ਮੈਂ ਤੁਹਾਡੀ ਪੁਸਤਕ 'ਭਾਰਤ ਦੀ ਕਾਇਆਕਲਪ' ਨੂੰ ਬੜੀ ਦਿਲਚਸਪੀ ਨਾਲ ਪੜ੍ਹਿਆ ਹੈ ਅਤੇ ਇਸ ਵਿੱਚ ਤੁਹਾਡੇ ਰਾਹੀਂ ਕੀਤੇ ਗਏ ਲਾਭਕਾਰੀ ਅਧਿਐਨਾਂ ਅਤੇ ਦਿੱਤੇ ਗਏ ਸੁਝਾਵਾਂ ਤੋਂ ਕਾਫ਼ੀ ਪ੍ਰਭਾਵਿਤ ਹੋਇਆ ਹਾਂ ਜਿਸ ਲਈ ਮੈਂ ਤੁਹਾਨੂੰ ਆਪਣੀਆਂ ਸ਼ੁਭ ਕਾਮਨਾਵਾਂ ਦੇਣੀਆਂ ਚਾਹੁੰਦਾ ਹਾਂ । ਨਿਰਸੰਦੇਹ ਇਸ ਵਿੱਚ ਉਠਾਏ ਗਏ ਮੁੱਦੇ ਅਤੇ ਦਿੱਤੇ ਗਏ ਸੁਝਾਅ ਆਪਣਾ ਠੋਸ ਮੁੱਲ ਰੱਖਦੇ ਹਨ ।
  **ਬੀ.ਐਨ. ਯੁਗਾਂਧਰ, ਮੈਂਬਰ ਪਲਾਨਿੰਗ ਕਮੀਸ਼ਨ**

- ਤੁਹਾਡੇ ਦੁਆਰਾ ਕੀਤੇ ਗਏ ਸ਼ਲਾਘਾਯੋਗ ਕਾਰਜ ਲਈ ਕਿਰਪਾ ਕਰਕੇ ਮੇਰੇ ਵੱਲੋਂ ਹਾਰਦਿਕ ਵਧਾਈ ਕਬੂਲ ਕਰਨੀ । ਤੁਹਾਡੇ ਕਾਰਜ ਦੀ ਕਾਮਯਾਬੀ ਲਈ ਮੈਂ ਸ਼ੁਭ ਕਾਮਨਾਵਾਂ ਦੇਂਦੇ ਹੋਇਆਂ ਪੂਰੇ ਵਿਸ਼ਵਾਸ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਪ੍ਰਕਾਸ਼ਨ ਜਨ-ਜਾਗਰੂਕਤਾ ਦਾ ਮਾਹੌਲ ਪੈਦਾ ਕਰਨਗੇ ਅਤੇ ਐਸੇ ਮੁੱਦਿਆਂ ਵੱਲ ਧਿਆਨ ਕੇਂਦਰਿਤ ਕਰਨਗੇ ਜਿਨ੍ਹਾਂ ਵੱਲ ਸਾਨੂੰ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ।
  **ਐਮ.ਵੀ. ਰਾਜਸ਼ੇਖਰਨ, ਯੋਜਨਾ ਰਾਜਮੰਤਰੀ, ਪਲਾਨਿੰਗ ਕਮੀਸ਼ਨ**

- ਅਸੀਂ ੫੦੦ ਤੋਂ ਵਧੀਕ ਐਨਜੀਓ ਨਾਲ ਸਲਾਹ-ਮਸ਼ਵਰਾ ਅਤੇ ਵਿਵਹਾਰ ਕਰਦੇ ਹਾਂ ਅਤੇ ਇਸ ਆਧਾਰ 'ਤੇ ਅਸੀਂ ਕਹਿਣਾ ਚਾਹਵਾਂਗੇ ਕਿ ਅਸੀਂ *i Watch* ਨੂੰ ਇਕ ਅਨੂਠਾ ਤੇ ਨਿਰਾਲਾ ਐਨਜੀਓ ਪਾਇਆ ਹੈ ।
  **ਵਿੰਨੇ ਸੋਮਾਨੀ, ਮੈਨੇਜਿੰਗ ਟ੍ਰਸਟੀ, ਕਰਮਯੋਗ.ਕਾਮ**

- ਇਹਨਾਂ ਨੇ ਭਾਰਤ ਦੀ ਉੱਚ ਅਤੇ ਲਗਾਤਾਰ ਕਾਇਮ ਰਹਿਣ ਯੋਗ ਵ੍ਰਿਧੀ ਲਈ ਇਕ ਢਾਂਚਾ ਰਚਿਆ ਹੈ । ਇਸ ਲਈ ਇਹ ਜਾਗਰੂਕਤਾ ਪੈਦਾ ਕਰਨ ਲਈ ਇਹ ਸਰਬਸੰਮਤੀ ਬਣਾਉਣ ਅਤੇ ਨੀਤੀ ਬਦਲਾਅਵਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ । ਇਹ ਸਚਮੁਚ ਇਕ ਅਨੂਠੀ ਰਣਨੀਤੀ ਹੈ, ਜਿਸ ਦੇ ਦੂਰਗਾਮੀ ਨਤੀਜੇ ਨਿਕਲਣਗੇ ।
  **ਰਾਜੀਵ ਕੁਮਾਰ, ਚੀਫ਼ ਇਕਾਨੋਮਿਸਟ, ਸੀਆਈਆਈ**

- **ਵਰਲਡ ਇਕੋਨਾਮਿਕ ਫ਼ੋਰਮ ਅਤੇ ਸੀਆਈਆਈ** ਦੁਆਰਾ ਆਯੋਜਿਤ ''ਭਾਰਤ ਅਤੇ ਵਿਸ਼ਵ ੨੦੨੫'' ਪਰੀਦ੍ਰਿਸ਼ 'ਤੇ ਪਰਸਪਰ ਪ੍ਰਭਾਵੀ ਵਰਕਸ਼ਾਪ ਵਿੱਚ *i Watch* ਨੂੰ ਇਕ ਖ਼ਾਸ ਪੈਨਲ ਦੇ ਅੰਗ ਵਜੋਂ ਟਿੱਪਣੀਆਂ ਤੇ ਸੁਝਾਵਾਂ ਲਈ ਆਮੰਤ੍ਰਿਤ ਕੀਤਾ ਗਿਆ ਹੈ ।
  **ਕਾਨਫ਼ੇਡ੍ਰੇਸ਼ਨ ਆਫ਼ ਇੰਡੀਆ ਇੰਡਸਟਰੀ**

- ਇਕ ਸਿੱਖਿਆ-ਸ਼ਾਸਤਰੀ ਅਤੇ ਐਚਆਰਡੀ ਕੰਸੈਲਟੈਂਟ ਹੋਣ ਦੇ ਨਾਤੇ ਮੈਂ *i Watch* ਦੀ ਇਸ ਅਨੂਠੀ ਯੋਜਨਾ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦਾ ਹਾਂ ਕਿ ਭਾਰਤ ਦੇ ੯੫% ਨੌਜਵਾਨ ਵਰਗ ਨੂੰ ਵਿਵਸਾਇਕ ਸਿੱਖਿਆ ਦੇ ੩੦੦੦ ਖੇਤਰਾਂ ਵਿੱਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ । ਇਸ ਗੱਲ ਵਿੱਚ ਅਦਭੁਤ ਨਵੀਨਤਾ ਹੈ । ਜੇ ਇਸ 'ਤੇ ਅਮਲ ਕੀਤਾ ਜਾਂਦਾ ਹੈ, ਤਾਂ ਭਾਰਤ ਦੀ ਬੇਰੋਜ਼ਗਾਰੀ ਦੀ ਸਮੱਸਿਆ ਦਾ ਇਕ ਵੱਡਾ ਸੁਲਝਾਅ ਮਿਲ ਜਾਏਗਾ ।
  **ਪ੍ਰੋ. ਰੁਸ਼ੀਕੁਮਾਰ ਪੰਡਿਆ, ਇੰਟਰਨੈਸ਼ਨਲ ਮੈਨੇਜਮੈਂਟ ਗੁਰੂ**

ਇਸ ਪੁਸਤਕ ਦੀ ਪ੍ਰਤੀ ਕਾਪੀ ਪ੍ਰਸ਼ਾਸਨਕ ਅਤੇ ਕੋਰੀਅਰ ਲਾਗਤ ਭਾਰਤ, ਯੂਐਸਏ, ਯੂਕੇ, ਈਯੂ ਅਤੇ ਜਾਪਾਨ ਵਿੱਚ ਇਸ ਪ੍ਰਕਾਰ ਹੈ :

**ਭਾਰਤ ਰੁ. ੨੦੦ • ਯੂਐਸਏ $੧੦ • ਯੂਕੇ £੧੦ • ਈਯੂ ਯੂਰੋ ੧੦ • ਜਾਪਾਨ ¥ ੧੦੦੦**

*ਭੁਗਤਾਨ ਇੱਥੇ ਕਰੋ : i Watch, ਓਲਿੰਪਸ, ਅਲਟਾਮਾਉਂਟ ਰੋਡ, ਮੁੰਬਈ – ੪੦੦ ੦੨੬, ਭਾਰਤ ।*

ਅਪ੍ਰੈਲ–੨੦੧੪ ਐਡੀਸ਼ਨ